P.O.Regn. G/CHD/0090/2024-2026 ਭੇਟਾ 10/-

# ਗੁਰਬਾਣੀ ਚਾਨਣੁ

ਅੰਕ 07 ਨਾਨਕਸ਼ਾਹੀ ਸੰਮਤ 556 ਹਾੜ੍ਹ/ਸਾਵਣ ਜੁਲਾਈ, 2024 ਸਾਲ 42

**ਜੰਮਣੁ ਮਰਣੁ ਨ ਤਿਨ੍ ਕਉ ਜੋ ਹਰਿ ਲੜਿ ਲਾਗੇ ॥ ਜੀਵਤ ਸੇ ਪਰਵਾਣੁ ਹੋਏ ਹਰਿ ਕੀਰਤਨਿ ਜਾਗੇ ॥ ਸਾਧਸੰਗੁ ਜਿਨ ਪਾਇਆ ਸੇਈ ਵਡਭਾਗੇ ॥ ਨਾਇ ਵਿਸਰਿਐ ਧ੍ਰਿਗੁ ਜੀਵਣਾ ਤੂਟੇ ਕਚ ਧਾਗੇ ॥ ਨਾਨਕ ਧੂੜਿ ਪੁਨੀਤ ਸਾਧ ਲਖ ਕੋਟਿ ਪਿਰਾਗੇ ॥੧੯॥**

(ਅੰਗ-੩੨੨)

'ਗੁਰਬਾਣੀ ਇਸੁ ਜਗ ਮਹਿ ਚਾਨਣੁ'
ਪ੍ਰਚਾਰ ਤੇ ਪ੍ਰਸਾਰ ਸੰਸਥਾ
ਭਵਨ ਨੰ. 6, ਫੇਜ 3-ਏ (ਸੈਕਟਰ 53), ਐਸ.ਏ.ਐਸ.ਨਗਰ (ਮੋਹਾਲੀ)
E-mail : gurbanichanan1125@gmail.com ਫੋਨ : 0172-2913729
Website : WWW.GURBANICHANAN.ORG 98156-50812
You Tube Channel : Gurbani Chanan Magazine

ੴ ਸਤਿਗੁਰ ਪ੍ਰਸਾਦਿ ॥

**ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ ॥**
**ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ ॥**

(ਰਾਗੁ ਬਿਲਾਵਲੁ ਮਹਲਾ ੧ ਚਉਪਦੇ ਘਰੁ ੧ ॥, ਅੰਗ-੭੯੬)

**ਸੰਸਥਾ ਦੇ ਕਾਰਜਾਂ ਲਈ ਬੈਂਕ ਵਿੱਚ ਸਹਾਇਤਾ ਰਾਸ਼ੀ ਭੇਜਣ ਲਈ ਪਤਾ :**

**Bank A/C Name : Gurbani Iss Jag Meh Chanan**
**Bank Name : Panjab National Bank (Phase-1, Mohali)**
**Bank A/c No : 1155000100132409**
**IFSC Code : PUNB0040810**
**SWIFT Code (FOR FOREIGN REMITTENCE)**
**PUNBINBBMOH**

**ਸੰਸਥਾ ਦੇ ਕਾਰਜਾਂ ਲਈ ਸਹਾਇਤਾ ਭੇਜਣ ਲਈ**
PAYTM/GPAY ਲਈ QR Code

SCAN & PAY
9815650812m@pnb
MERCHANT: GURBANI ISS JAG MEH CHANAN


ਬਾਨੀ (Founder) : ਗੁਰਪੁਰਵਾਸੀ ਭਾਈ ਸਾਹਿਬ ਭਾਈ ਸਰਦਾਰਾ ਸਿੰਘ ਜੀ
ਮੁੱਖ ਸੇਵਾਦਾਰ : ਸ.ਕੁਲਬੀਰ ਸਿੰਘ
ਮੁੱਖ ਸੰਪਾਦਕ : ਡਾ.ਪਰਮਜੀਤ ਸਿੰਘ ਸਹਿ ਸੰਪਾਦਕ : ਡਾ.ਗੁਰਬਚਨ ਸਿੰਘ
ਸੰਪਾਦਕੀ ਬੋਰਡ : ਸ.ਹਰੀ ਸਿੰਘ ਕੁਵੈਤ ਵਾਲੇ, ਸ.ਗੁਲਜਾਰ ਸਿੰਘ


## ਤਤਕਰਾ


| | | | |
|---|---|---|---|
| 1. | ਜੀਉਣਾ ਝੂਠ ਤੇ ਮਰਨਾ ਸੱਚ | ਡਾ.ਪਰਮਜੀਤ ਸਿੰਘ | 03 |
| 2. | ਕਸਤੂਰੀ ਮਿਰਗ ਨਾ ਜਾਣਦਾ | ਭਾਈ ਸਾਹਿਬ ਭਾਈ ਸਰਦਾਰਾ ਸਿੰਘ ਜੀ | 12 |
| 3. | ਸ਼ਹੀਦ ਭਾਈ ਰਾਮ ਸਿੰਘ ਜੀ ਚੌਰ ਬਰਦਾਰ (ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ) | ਡਾ.ਗੁਰਬਚਨ ਸਿੰਘ | 19 |
| 4. | ਗੁਰਮੰਤਰ ਅਤੇ ਮੂਲ ਮੰਤਰ | ਸ.ਬਲਿਹਾਰ ਸਿੰਘ | 24 |
| 5. | ਚਿੰਤਤ ਹੀ ਦੀਸੈ ਸਭੁ ਕੋਇ | ਸ.ਹਰੀ ਸਿੰਘ | 31 |
| 6. | ਖਬਰਾਵਲੀ | ਸੰਪਾਦਕ | 35 |


ਨੋਟ : ਪਰਚੇ ਵਿਚ ਛਪੇ ਲੇਖਾਂ ਵਿਚ ਲੇਖਕਾਂ ਦੇ ਆਪਣੇ ਵਿਚਾਰ ਹਨ। ਬੇਸ਼ਕ ਸਾਰੇ ਲੇਖ ਪੂਰੀ ਛਾਣ-ਬੀਨ ਤੋਂ ਬਾਅਦ ਛਾਪੇ ਜਾਂਦੇ ਹਨ, ਪਰ ਫੇਰ ਵੀ ਸੰਪਾਦਕੀ ਬੋਰਡ ਦਾ ਇਨ੍ਹਾਂ ਨਾਲ ਸਹਿਮਤ ਹੋਣਾ ਜਰੂਰੀ ਨਹੀਂ।


ਪ੍ਰਿੰਟਰ ਅਤੇ ਪਬਲਿਸ਼ਰ ਡਾ.ਪਰਮਜੀਤ ਸਿੰਘ ਨੇ "ਗੁਰਬਾਣੀ ਇਸੁ ਜਗ ਮਹਿ ਚਾਨਣੁ" ਪ੍ਰਚਾਰ ਤੇ ਪ੍ਰਸਾਰ ਸੰਸਥਾ ਵਾਸਤੇ ਮਜੈਸਟਿਕ ਪ੍ਰਿੰਟਿੰਗ ਪ੍ਰੈਸ, ਮੋਹਾਲੀ ਤੋਂ ਛਪਵਾ ਕੇ ਸੰਸਥਾ ਦੇ ਦਫਤਰ ਭਵਨ ਨੰ.6, ਫੇਜ਼-3-ਏ, ਮੋਹਾਲੀ (ਪੰਜਾਬ) ਤੋਂ ਪ੍ਰਕਾਸ਼ਿਤ ਕੀਤਾ।

# ਜੀਉਣਾ ਝੂਠ ਤੇ ਮਰਨਾ ਸੱਚ

ਡਾ: ਪਰਮਜੀਤ ਸਿੰਘ , ਮੋ.87259-00257

ਇੱਕ ਵਾਰ ਗੁਰੂ ਨਾਨਕ ਦੇਵ ਜੀ ਨੇ ਮਰਦਾਨੇ ਨੂੰ ਦੋ ਟਕੇ ਦੇ ਕੇ ਬਜਾਰ ਵਿਚੋਂ ਸੱਚ ਤੇ ਝੂਠ ਦਾ ਸੌਦਾ ਖਰੀਦ ਕੇ ਲਿਆਉਣ ਲਈ ਕਿਹਾ। ਮਰਦਾਨਾ ਸਿਆਲਕੋਟ ਦੇ ਬਜਾਰਾਂ ਵਿੱਚ ਕਈ ਦੁਕਾਨਾਂ ਤੇ ਘੁੰਮਿਆ ਪਰ ਕਿਸੇ ਪਾਸੋਂ ਵੀ ਇਹ ਸੌਦਾ ਨਾ ਮਿਲਿਆ ਪਰ ਇੱਕ ਮੂਲੇ ਜੌਹਰੀ ਖੱਤਰੀ ਦੀ ਹੱਟੀ ਤੇ ਜਾ ਕੇ ਉਸ ਅੱਗੇ ਇਹ ਪ੍ਰਸ਼ਨ ਰੱਖਿਆ ਤਾਂ ਉਸ ਨੇ ਇੱਕ ਕਾਗਜ਼ ਉੱਤੇ ਲਿਖ ਕੇ ਦਿਤਾ ਕਿ 'ਜੀਉਣਾ ਝੂਠ ਤੇ ਮਰਨਾ ਸੱਚਾ' ਮਰਦਾਨਾ ਉਹ ਕਾਗਜ ਲੈ ਕੇ ਗੁਰੂ ਜੀ ਪਾਸ ਪੁੱਜਾ, ਗੁਰੂ ਜੀ ਪ੍ਰਸੰਨ ਹੋਏ। ਇਹ ਕਥਾ ਬੜੀ ਲੰਮੀ ਹੈ, ਇੱਥੇ ਅਸੀਂ ਕੇਵਲ ਇਨ੍ਹਾਂ ਸਤਰਾਂ ਨੂੰ ਗੁਰਬਾਣੀ ਦੀ ਰੋਸ਼ਨੀ ਵਿੱਚ ਸਮਝਣ ਦਾ ਜਤਨ ਕਰਦੇ ਹਾਂ।

ਇਸ ਵਿੱਚ ਕੋਈ ਦੋ ਰਾਵਾਂ ਨਹੀਂ ਹਨ ਕਿ ਇਹ ਇੱਕ ਅਟੱਲ ਸਚਾਈ ਹੈ ਜੋ ਵੀ ਜੀਵ ਇਸ ਫਾਨੀ ਨਾਸ਼ਵਾਨ ਸੰਸਾਰ ਵਿੱਚ ਆਇਆ ਹੈ, ਉਸ ਨੇ ਅੰਤ ਇਥੋਂ ਜਾਣਾ ਹੈ। 'ਮਰਣੁ ਲਿਖਾਇ ਮੰਡਲ ਮਹਿ ਆਏ' ਦੇ ਵਾਕ ਅਨੁਸਾਰ ਜੀਵ ਇਸ ਮਾਤ ਲੋਕ ਵਿੱਚ ਆਉਣ ਤੋਂ ਪਹਿਲਾਂ ਮਰਨ ਦਾ ਸਮਾਂ ਲਿਖਾ ਕੇ ਆਉਂਦਾ ਹੈ ਅਤੇ ਸਮਾਂ ਪੁੱਗਣ ਤੇ ਇਥੋਂ ਕੂਚ ਕਰ ਜਾਂਦਾ ਹੈ। ਗੁਰਬਾਣੀ ਵਿੱਚ ਅਨੇਕਾਂ ਥਾਵਾਂ ਤੇ ਨਾਸ਼ਮਾਨ ਸੰਸਾਰ ਤੇ ਇਸ ਵਿੱਚ ਮਿਲੇ ਤਨ ਦੇ ਨਾਸ ਹੋਣ ਦਾ ਜ਼ਿਕਰ ਮਿਲਦਾ ਹੈ। ਸੋਰਠਿ ਰਾਗ ਅੰਦਰ ਗੁਰੂ ਨਾਨਕ ਸਾਹਿਬ ਫੁਰਮਾਂਦੇ ਹਨ :

ਸਭਨਾ ਮਰਣਾ ਆਇਆ ਵੇਛੋੜਾ ਸਭਨਾਹ ॥
ਪੁਛਹੁ ਜਾਇ ਸਿਆਣਿਆ ਆਗੈ ਮਿਲਣੁ ਕਿਨਾਹ ॥ (ਅੰਗ-੫੯੫)
ਹੁਕਮੇ ਆਵੈ ਹੁਕਮੇ ਜਾਵੈ ॥ ਬੂਝੈ ਹੁਕਮੁ ਸੋ ਸਾਚਿ ਸਮਾਵੈ ॥ (ਅੰਗ-੧੦੨੫)
ਹੁਕਮੇ ਆਵੈ ਹੁਕਮੇ ਜਾਇ ॥ ਆਗੈ ਪਾਛੈ ਹੁਕਮਿ ਸਮਾਇ ॥ (ਅੰਗ-੧੦੨੫)

ਜੀਵ ਪਰਮੇਸ਼ਰ ਦੇ ਹੁਕਮ ਅਨੁਸਾਰ ਇਸ ਸੰਸਾਰ ਵਿੱਚ ਆਉਂਦਾ ਹੈ ਤੇ ਹੁਕਮ ਅਨੁਸਾਰ ਹੀ ਇਥੋਂ ਕੂਚ ਕਰ ਜਾਂਦਾ ਹੈ। ਜਨਮ ਤੋਂ ਪਹਿਲਾਂ ਅਤੇ ਬਾਅਦ ਵਿੱਚ ਵੀ ਉਸ ਦੇ ਹੁਕਮ ਦਾ ਇਹ ਜੀਵ ਬੱਝਿਆ ਰਹਿੰਦਾ ਹੈ।

ਕਬੀਰ ਕਾਇਆ ਕਾਚੀ ਕਾਰਵੀ ਕੇਵਲ ਕਾਚੀ ਧਾਤੁ ॥
ਸਾਬਤੁ ਰਖਹਿ ਤ ਰਾਮ ਭਜੁ ਨਾਹਿ ਤ ਬਿਨਠੀ ਬਾਤ ॥ (ਅੰਗ-੧੩੭੬)

ਕਬੀਰ ਸਾਹਿਬ ਆਖਦੇ ਹਨ ਕਿ ਇਹ ਮਨੁੱਖੀ ਕਾਇਆਂ (ਸਰੀਰ) ਕੱਚੇ ਭਾਂਡੇ ਦੇ ਸਮਾਨ ਭੱਜਣ ਵਾਲੀ ਹੈ ਜੇ ਇਸ ਕਾਇਆ ਨੂੰ ਸਾਬਤ ਰੱਖਣਾ ਚਾਹੁੰਦਾ ਹੈ ਕਿ ਇਹ ਨਾਸ ਨਾ ਹੋਵੇ ਤਾਂ ਰਾਮ ਦਾ ਭਜਨ ਕਰ :

ਕਬੀਰ ਰਾਮੁ ਨ ਧਿਆਇਓ ਮੋਟੀ ਲਾਗੀ ਖੋਰਿ ॥ ਕਾਇਆ ਹਾਂਡੀ ਕਾਠ ਕੀ ਨਾ ਓਹ ਚਰ੍ਹੈ ਬਹੋਰਿ ॥੭੦॥ਕਬੀਰ ਐਸੀ ਹੋਇ ਪਰੀ ਮਨ ਕੋ ਭਾਵਤੁ ਕੀਨੁ ॥ ਮਰਨੇ ਤੇ ਕਿਆ ਡਰਪਨਾ ਜਬ ਹਾਥਿ ਸਿਧਉਰਾ ਲੀਨ ॥੭੧॥ (ਅੰਗ-੧੩੬੮)

ਹੇ ਕਬੀਰ ! ਜਿਸ ਮਨੁੱਖ ਨੇ ਸਿਮਰਨ ਨਹੀਂ ਕੀਤਾ, ਉਹ ਹੌਲੀ ਹੌਲੀ ਆਤਮਿਕ ਮੌਤੇ ਮਰਦਾ ਜਾਂਦਾ ਹੈ ਜਿਵੇਂ ਲੱਕੜ ਦੀ ਹਾਂਡੀ ਚੁੱਲੇ ਉਤੇ ਦੁਬਾਰਾ ਨਹੀਂ ਚੜ੍ਹ ਸਕਦੀ। ਜੋ ਇਸਤ੍ਰੀ ਪਤੀ ਦੇ ਮਰਨ ਤੇ ਹੱਥ ਵਿੱਚ ਸੰਧੂਰਿਆ ਹੋਇਆ ਨਾਰੀਅਲ ਫੜ੍ਹ ਲੈਂਦੀ ਹੈ, ਉਹ ਮਰਨ ਤੋਂ ਨਹੀਂ ਡਰਦੀ। ਮਾਰੂ ਰਾਗ ਅੰਦਰ ਤੀਸਰੇ ਪਾਤਸ਼ਾਹ ਦਾ ਫੁਰਮਾਨ ਹੈ :

ਜੋ ਆਇਆ ਸੋ ਸਭੁ ਕੋ ਜਾਸੀ ॥ ਦੂਜੈ ਭਾਇ ਬਾਧਾ ਜਮ ਫਾਸੀ ॥
ਸਤਿਗੁਰਿ ਰਾਖੇ ਸੇ ਜਨ ਉਬਰੇ ਸਾਚੇ ਸਾਚਿ ਸਮਾਈ ਹੇ ॥੧॥ (ਅੰਗ-੧੦੪੭)

ਹੇ ਭਾਈ ਜਿਹੜਾ ਵੀ ਜੀਵ ਜਗਤ ਵਿੱਚ ਜੰਮਦਾ ਹੈ, ਉਹ ਹਰੇਕ ਹੀ ਜਰੂਰ ਇਸ ਜਗਤ ਤੋਂ ਕੂਚ ਵੀ ਕਰ ਜਾਂਦਾ ਹੈ ਪਰ ਮਾਇਆ ਦੇ ਮੋਹ ਦੇ ਕਾਰਣ ਆਤਮਿਕ ਮੌਤ ਦੀ ਫਾਹੀ ਵਿੱਚ ਬੱਝ ਜਾਂਦਾ ਹੈ। ਜਿਨ੍ਹਾਂ ਦੀ ਗੁਰੂ ਰੱਖਿਆ ਕਰਦਾ ਹੈ, ਉਹ ਇਸ ਤੋਂ ਬਚ ਕੇ ਸਦਾ ਥਿਰ ਪਰਮਾਤਮਾ ਵਿੱਚ ਲੀਨ ਰਹਿੰਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਸਮਝਾ ਰਹੇ ਹਨ:

ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ ॥
ਜਿਸ ਕੇ ਜੀਅ ਪਰਾਣ ਹਹਿ ਕਿਉ ਸਾਹਿਬੁ ਮਨਹੁ ਵਿਸਾਰੀਐ ॥
ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ ॥੨੦॥ (ਆਸਾ ਦੀ ਵਾਰ)

ਹੇ ਭਾਈ ! ਜੋ ਵੀ ਜੀਵ ਇਸ ਸੰਸਾਰ ਤੇ ਆਇਆ ਹੈ ਉਸ ਨੇ ਆਪਣੀ ਵਾਰੀ ਆਉਣ ਤੇ ਇਥੋਂ ਚਲੇ ਜਾਣਾ ਹੈ। ਇਸ ਲਈ ਜਿਸ ਪ੍ਰਭੂ ਨੇ ਇਹ ਜਿੰਦ ਤੇ ਪ੍ਰਾਣ ਦਿੱਤੇ ਹਨ, ਉਸ ਨੂੰ ਕਿਉਂ ਵਿਸਾਰਿਆ ਜਾਵੇ। ਆਪਣੇ ਹੱਥੀ ਆਪਣਾ ਨਾਮ ਸਿਮਰਨ ਦਾ ਕਾਜ ਆਪ ਹੀ ਸੁਆਰਨਾ ਚਾਹੀਦਾ ਹੈ। ਗੁਰੂ ਤੇਗ ਬਹਾਦਰ ਜੀ ਦੇ ਬਚਨ ਹਨ :

* ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ ॥ ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ ॥੪੯॥ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ ॥ ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ ॥੫੦॥
* ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ ॥
  ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ ॥੫੨॥ (ਅੰਗ-੧੪੨੯)

ਜਗਤ ਦੀ ਸਾਰੀ ਰਚਨਾ ਨਾਸਵੰਤ ਹੈ, ਇਹ ਸੱਚ ਜਾਣੋ। ਰੇਤ ਦੀ ਕੰਧ ਵਾਂਗ ਜਗਤ ਵੀ ਸਦਾ ਕਾਇਮ ਰਹਿਣ ਵਾਲੀ ਚੀਜ਼ ਨਹੀਂ ਹੈ। ਇਸ ਜਗਤ ਵਿੱਚ ਤਾਂ ਜਿਹੜਾ ਵੀ ਜੰਮਿਆ ਹੈ, ਉਹ ਜਰੂਰ ਨਾਸ ਹੋ ਜਾਵੇਗਾ, ਅੱਜ ਜਾਂ ਭਲਕੇ ਕੂਚ ਕਰ ਜਾਣਾ ਹੈ। ਇਸ ਲਈ ਮਾਇਆ ਦੇ ਮੋਹ ਦੀਆਂ ਸਾਰੀਆਂ ਫਾਹੀਆਂ ਲਾਹ ਕੇ ਪ੍ਰਮਾਤਮਾ ਦੇ ਗੁਣ ਗਾਇਆ

ਕਰ। ਗੁਰੂ ਫੁਰਮਾਨ ਹੈ :

ਰਾਣਾ ਰਾਉ ਨ ਕੋ ਰਹੈ ਰੰਗੁ ਨ ਤੁੰਗੁ ਫਕੀਰੁ ॥
ਵਾਰੀ ਆਪੋ ਆਪਣੀ ਕੋਇ ਨ ਬੰਧੈ ਧੀਰ ॥ (ਅੰਗ-੯੩੬)

ਜਗਤ ਵਿੱਚ ਨਾ ਕੋਈ ਰਾਣਾ, ਨਾ ਕੋਈ ਕੰਗਾਲ ਸਦਾ ਜੀਉਂਦਾ ਰਹਿ ਸਕਦਾ ਹੈ। ਨਾ ਕੋਈ ਅਮੀਰ ਤੇ ਨਾ ਕੋਈ ਫਕੀਰ, ਹਰੇਕ ਆਪੋ ਆਪਣੀ ਵਾਰੀ ਨਾਲ ਇਥੋਂ ਤੁਰ ਪੈਂਦਾ ਹੈ। ਕੋਈ ਕਿਸੇ ਨੂੰ ਤਸੱਲੀ ਦੇਣ ਜੋਗਾ ਨਹੀਂ ਕਿ ਤੂੰ ਸਦਾ ਇਥੇ ਟਿਕਿਆ ਰਹੇਂਗਾ। ਇਸੇ ਵਿਚਾਰ ਨੂੰ ਬਾਬਾ ਫਰੀਦ ਜੀ ਵੀ ਸਪਸ਼ਟ ਕਰਦੇ ਹੋਏ ਜੀਵ ਨੂੰ ਸਮਝਾ ਰਹੇ ਹਨ :

ਫਰੀਦਾ ਖਿੰਥੜਿ ਮੇਖਾ ਅਗਲੀਆ ਜਿੰਦੁ ਨ ਕਾਈ ਮੇਖ ॥
ਵਾਰੀ ਆਪੋ ਆਪਣੀ ਚਲੇ ਮਸਾਇਕ ਸੇਖ ॥੪੭॥ (ਅੰਗ-੧੩੮੦)

ਹੇ ਫਰੀਦ, ਇਸ ਜਿੰਦ ਦੀ ਕੋਈ ਪਾਇਆ ਨਹੀਂ। ਇਸ ਨਾਲੋਂ ਤਾਂ ਵਧੀਕ ਨਕਾਰੀ ਗੋਦੜੀ ਤੇ ਇਤਬਾਰ ਹੋ ਸਕਦਾ ਹੈ ਭਾਵੇ ਇਸ ਤੇ ਕਈ ਟਾਂਕੇ ਲੱਗੇ ਹਨ ਪਰ ਇਹ ਜਿੰਦ ਨੂੰ ਇੱਕ ਵੀ ਟਾਂਕਾ ਨਹੀਂ, ਕੀ ਪਤਾ ਕਿਸੇ ਵੇਲੇ ਸਰੀਰ ਤੋਂ ਵੱਖ ਹੋ ਜਾਵੇ।

ਬਾਬਾ ਆਇਆ ਹੈ ਉਠਿ ਚਲਣਾ ਅਧ ਪੰਧੈ ਹੈ ਸੰਸਾਰੋਵਾ ॥
ਸਿਰਿ ਸਿਰਿ ਸਚੜੈ ਲਿਖਿਆ ਦੁਖੁ ਸੁਖੁ ਪੁਰਬਿ ਵੀਚਾਰੋਵਾ ॥ (ਅੰਗ-੫੮੧)

ਹੇ ਭਾਈ ! ਜੋ ਜੀਵ ਇਥੇ ਆਇਆ ਹੈ, ਉਹ ਨਾਮ ਧਨ ਤੋਂ ਬਿਨ੍ਹਾਂ ਜਗਤ ਵਿੱਚ ਜਨਮ ਮਰਨ ਦੇ ਗੇੜ ਵਿੱਚ ਪਿਆ ਰਹਿੰਦਾ ਹੈ। ਸਦਾ ਥਿਰ ਰਹਿਣ ਵਾਲੇ ਪਰਮਾਤਮਾ ਨੇ ਹਰੇਕ ਜੀਵ ਦੇ ਸਿਰ ਉੱਤੇ ਪੂਰਬਲੇ ਸਮੇਂ ਵਿੱਚ ਕੀਤੇ ਕਰਮਾਂ ਅਨੁਸਾਰ ਦੁਖ ਸੁਖ ਭੋਗਣ ਦੇ ਲੇਖ ਲਿਖ ਦਿੱਤੇ ਹਨ ਸੋ ਕਰਮਾਂ ਨਿਬੇੜਾ ਹੁੰਦਾ ਹੈ। ਗੁਰੂ ਤੇਗ ਬਹਾਦਰ ਜੀ ਦੇ ਬਚਨ ਹਨ ਕਿ ਜੋ ਕੁਝ ਇਥੇ ਦਿਖਾਈ ਦੇ ਰਿਹਾ ਹੈ ਸਭ ਬਿਨਸਨਹਾਰ ਹੈ।

ਕਾਂ ਕੋ ਤਨੁ ਧਨੁ ਸੰਪਤਿ ਕਾਂ ਕੀ ਕਾ ਸਿਉ ਨੇਹੁ ਲਗਾਹੀ ॥
ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਹੀ ॥੧॥ (ਅੰਗ-੧੨੩੧)

ਮੇਰੇ ਮਨ, ਵੇਖ ਸਦਾ ਲਈ ਨਾ ਕਿਸੇ ਦਾ ਸਰੀਰ ਰਹਿੰਦਾ ਹੈ ਤੇ ਨਾ ਧਨ ਤੇ ਨਾ ਹੀ ਮਾਇਆ। ਤੂੰ ਕਿਸ ਨਾਲ ਪਿਆਰ ਬਣਾਈ ਬੈਠਾ ਹੈ, ਜਿਵੇਂ ਬੱਦਲਾਂ ਦੀ ਛਾਂ ਤਿਵੇਂ ਜੋ ਦਿਸ ਰਿਹਾ ਹੈ, ਸਭ ਨਾਸਵੰਤ ਹੈ :

ਜੋ ਦੀਸੈ ਸੋ ਚਲਸੀ ਕੂੜਾ ਮੋਹੁ ਨ ਵੇਖੁ ॥
ਵਾਟ ਵਟਾਊ ਆਇਆ ਨਿਤ ਚਲਦਾ ਸਾਥੁ ਦੇਖੁ ॥ (ਅੰਗ-੬੧)

ਹੇ ਜੀਵ ! ਤੂੰ ਜਗਤ ਦੇ ਇਸ ਨਾਸਵੰਤ ਮੋਹ ਨੂੰ ਨਾ ਵੇਖ, ਇਹ ਤਾਂ ਜੋ ਕੁਝ ਦਿਸ ਰਿਹਾ ਹੈ, ਸਭ ਨਾਸ ਹੋ ਜਾਵੇਗਾ। ਜੀਵ ਇਥੇ ਰਸਤੇ ਦਾ ਮੁਸਾਫਰ ਬਣ ਕੇ ਆਇਆ ਹੈ, ਇਹ ਸਾਰਾ ਸਾਥ ਨਿਤ ਚਲਣ ਵਾਲਾ ਨਹੀਂ ਹੈ।

ਜੋ ਦੀਸੈ ਸੋ ਚਾਲਸੀ ਕਿਸ ਕਉ ਮੀਤੁ ਕਰੇਉ ॥
ਜੀਉ ਸਮਪਉ ਆਪਣਾ ਤਨੁ ਮਨੁ ਆਗੈ ਦੇਉ ॥ (ਅੰਗ-੯੩੬)

ਜਗਤ ਵਿੱਚ ਜੋ ਵੀ ਦਿੱਸਦਾ ਹੈ, ਨਾਸਵੰਤ ਹੈ, ਮੈਂ ਕਿਸ ਨੂੰ ਮਿਤਰ ਬਣਾਵਾਂ। ਸਾਥ ਨਿਭਾਣ ਵਾਲਾ ਤਾਂ ਕੇਵਲ ਪਰਮਾਤਮਾ ਹੀ ਮਿਤਰ ਹੈ, ਉਸ ਅੱਗੇ ਮੈਂ ਆਪਣੀ ਜਿੰਦ ਅਰਪਣ ਕਰਾਂ ਤੇ ਤਨ ਮਨ ਭੇਟ ਰੱਖਾਂ।

ਜੋ ਦੀਸੈ ਸੋ ਚਾਲਨਹਾਰੁ ॥ ਲਪਟਿ ਰਹਿਓ ਤਹ ਅੰਧ ਅੰਧਾਰੁ ॥ (ਅੰਗ-੨੬੮)

ਇਹ ਸਾਰਾ ਜਗਤ ਜੋ ਦਿਸ ਰਿਹਾ ਹੈ, ਨਾਸਵੰਤ ਹੈ। ਇਸ ਜਗਤ ਨਾਲ ਇਹ ਅੰਨਿਆਂ ਦਾ ਅੰਨ੍ਹਾਂ ਜੀਵ ਜੱਫਾ ਪਾਈ ਬੈਠਾ ਹੈ। ਮਾਰੂ ਰਾਗ ਅੰਦਰ ਗੁਰੂ ਨਾਨਕ ਸਾਹਿਬ ਫੁਰਮਾ ਰਹੇ ਹਨ :

ਖਾਣੀ ਬਾਣੀ ਤੁਝਹਿ ਸਮਾਣੀ ॥ ਜੋ ਦੀਸੈ ਸਭ ਆਵਣ ਜਾਣੀ ॥
ਸੇਈ ਸਾਹ ਸਚੇ ਵਾਪਾਰੀ ਸਤਿਗੁਰਿ ਬੂਝ ਬੁਝਾਈ ਹੇ ॥ (ਅੰਗ-੧੦੨੧)

ਹੇ ਪ੍ਰਭੂ ! ਖਾਣੀਆਂ ਦੇ ਜੀਵ ਅਤੇ ਉਨ੍ਹਾਂ ਜੀਆਂ ਦੀਆਂ ਬੋਲੀਆਂ ਤੇਰੇ ਵਿੱਚ ਸਮਾ ਜਾਂਦੀਆ ਹਨ ਜੋ ਕੁਝ ਦਿਸਦਾ ਹੈ, ਇਹ ਸਭ ਜਨਮ ਮਰਨ ਵਿੱਚ ਹੈ। ਜਿਨ੍ਹਾਂ ਨੂੰ ਸੱਚੇ ਗੁਰੂ ਨੇ ਸੋਝੀ ਦਿੱਤੀ ਹੈ, ਉਹ ਜੀਵ ਸੱਚੇ ਸ਼ਾਹ ਦੇ ਵਣਜਾਰੇ ਹਨ।

ਇਨ੍ਹਾਂ ਉਪਰੋਕਤ ਪੰਕਤੀਆਂ ਵਿੱਚ ਇਹ ਵਿਚਾਰ ਆਏ ਹਨ ਕਿ ਸੰਸਾਰ ਨਾਸ਼ਵਾਨ ਹੈ ਅਤੇ ਜੋ ਵੀ ਮਨੁੱਖ ਇਸ ਸੰਸਾਰ ਵਿੱਚ ਸਰੀਰ ਧਾਰਨ ਕਰਕੇ ਆਇਆ ਹੈ, ਅੰਤ ਉਸ ਨੇ ਇਸ ਮ੍ਰਿਤ ਮੰਡਲ ਵਿੱਚ ਅਵੱਸ਼ ਮਰਨਾ ਹੀ ਹੈ ਜੋ ਕਿ ਇੱਕ ਅਟੱਲ ਸਚਾਈ ਹੈ ਜਿਸ ਨੂੰ ਝੁਠਲਾਇਆ ਜਾਂ ਟਾਲਿਆ ਨਹੀਂ ਜਾ ਸਕਦਾ। ਉਪਰੋਕਤ ਵਿਸ਼ੇ ਦੇ ਪਹਿਲੇ ਪੱਖ ਵਿੱਚ 'ਮਰਨਾ ਸੱਚ' ਦੀ ਸਚਾਈ ਪ੍ਰਗਟ ਹੁੰਦੀ ਹੈ। ਹੁਣ ਦੂਜੇ ਪੱਖ 'ਜੀਉਣਾ ਝੂਠ' ਉਪਰ ਵਿਚਾਰ ਗੁਰਬਾਣੀ ਦੀ ਰੋਸ਼ਨੀ ਵਿੱਚ ਕਰਦੇ ਹਾਂ। ਇਸ ਵਿਸ਼ੇ ਦੇ ਦੋ ਪਹਿਲੂ ਹਨ, ਇੱਕ ਪੱਖ ਮਨਮੁੱਖੀ ਜੀਵਾਂ ਲਈ ਢੁਕਵਾਂ ਹੈ ਅਤੇ ਦੂਜੇ ਉਹ ਹਨ ਜਿਨ੍ਹਾਂ ਅੰਦਰ ਆਤਮਿਕ ਸੂਝ ਹੈ ਤੇ ਗੁਰਮੁਖੀ ਜੀਵਨ ਵਾਲੇ ਹਨ। ਸੋ ਦੋਹਾਂ ਲਈ ਜੀਵਨ ਦੀ ਪਰਿਭਾਸ਼ਾ ਵੱਖਰੀ ਹੈ, ਉਸੇ ਅਨੁਸਾਰ ਜੀਵਨ ਝੂਠ ਹੈ ਅਤੇ ਸੱਚ ਵੀ ਹੈ, ਮਨਮੁੱਖੀ ਜੀਵ ਇਸ ਸੰਸਾਰ ਆ ਕੇ ਜੋ ਕਰਮ ਕਮਾਂਦਾ ਹੈ, ਉਸ ਦਾ ਨਕਸ਼ਾ ਗੁਰੂ ਸਾਹਿਬ ਕੁਝ ਇਸ ਤਰ੍ਹਾਂ ਖਿੱਚਦੇ ਹਨ :

ਪਹਿਲੈ ਪਿਆਰਿ ਲਗਾ ਥਣ ਦੁਧਿ ॥ ਦੂਜੈ ਮਾਇ ਬਾਪ ਕੀ ਸੁਧਿ ॥ ਤੀਜੈ ਭਯਾ ਭਾਭੀ ਬੇਬ ॥ ਚਉਥੈ ਪਿਆਰਿ ਉਪੰਨੀ ਖੇਡ ॥ ਪੰਜਵੈ ਖਾਣ ਪੀਅਣ ਕੀ ਧਾਤੁ ॥ ਛਿਵੈ ਕਾਮੁ ਨ ਪੁਛੈ ਜਾਤਿ ॥ ਸਤਵੈ ਸੰਜਿ ਕੀਆ ਘਰ ਵਾਸੁ ॥ ਅਠਵੈ ਕ੍ਰੋਧੁ ਹੋਆ ਤਨ ਨਾਸੁ ॥ ਨਾਵੈ ਧਉਲੇ ਉਭੇ ਸਾਹ ॥ ਦਸਵੈ ਦਧਾ ਹੋਆ ਸੁਆਹ ॥ ਗਏ ਸਿਗੀਤ ਪੁਕਾਰੀ ਧਾਹ ॥ ਉਡਿਆ ਹੰਸੁ ਦਸਾਏ ਰਾਹ ॥ (ਅੰਗ-੧੩੭)

ਜੇ ਮਨੁੱਖ ਦੀ ਉਮਰ ਨੂੰ ਦਸ ਭਾਗਾਂ ਵਿੱਚ ਵੰਡੀਏ ਤਾਂ ਤਸਵੀਰ ਇਉਂ ਬਣਦੀ ਹੈ। ਪਹਿਲੀ ਅਵਸਥਾ ਵਿੱਚ ਮਾਂ ਦੇ ਦੁੱਧ ਨਾਲ ਪਿਆਰ ਹੁੰਦਾ ਹੈ। ਦੂਜੀ ਵਿੱਚ ਫਿਰ ਕੁਝ ਸਿਆਣਾ ਹੋ ਕੇ ਮਾਂ ਬਾਪ ਦੀ ਸੋਝੀ ਹੋ ਜਾਂਦੀ ਹੈ, ਤੀਜੀ ਅਵਸਥਾ ਵਿੱਚ ਭੈਣ ਭਰਾ ਦੀ ਪਛਾਣ ਹੁੰਦੀ ਹੈ। ਚੌਥੀ ਅਵਸਥਾ ਵਿੱਚ ਖੇਡਾਂ ਵਿੱਚ ਪਿਆਰ ਉਪਜਦਾ ਹੈ। ਪੰਜਵੀਂ ਅਵਸਥਾ ਵਿੱਚ ਖਾਣ ਪੀਣ ਦੀ ਲਾਲਸਾ ਬਣੀ ਰਹਿੰਦੀ ਹੈ। ਛੇਵੀਂ ਅਵਸਥਾ ਵਿੱਚ ਜੀਵ ਅੰਦਰ ਕਾਮ ਜਾਗਦਾ ਹੈ ਜੋ ਜਾਤ ਕੁਜਾਤ ਨਹੀਂ ਵੇਖਦਾ। ਸਤਵੀਂ ਅਵਸਥਾ ਵਿੱਚ ਪਦਾਰਥ ਇਕੱਠੇ ਕਰਕੇ ਘਰ ਦਾ ਵਸੇਬਾ ਬਣਾਂਦਾ ਹੈ। ਅੱਠਵੀਂ ਅਵਸਥਾ ਵਿੱਚ ਕ੍ਰੋਧ, ਸਰੀਰ ਦਾ ਨਾਸ ਕਰਦਾ ਹੈ। ਨੌਵੀਂ ਅਵਸਥਾ ਵਿੱਚ ਕੇਸ ਚਿੱਟੇ ਹੋ ਜਾਂਦੇ ਹਨ ਸਾਹ ਚੜ੍ਹਨ ਲੱਗਦਾ ਹੈ ਤੇ ਦਸਵੇਂ ਦਰਜੇ ਤੇ ਪੁੱਜ ਕੇ ਸੜ ਕੇ ਸੁਆਹ ਹੋ ਜਾਂਦਾ ਹੈ। ਪੰਜਵੇਂ ਪਾਤਸ਼ਾਹ ਦਾ ਫੁਰਮਾਨ ਹੈ :

ਮਨਮੁਖਿ ਆਵੈ ਮਨਮੁਖਿ ਜਾਵੈ ॥ ਮਨਮੁਖਿ ਫਿਰਿ ਫਿਰਿ ਚੋਟਾ ਖਾਵੈ ॥
ਜਿਤਨੇ ਨਰਕ ਸੇ ਮਨਮੁਖਿ ਭੋਗੈ ਗੁਰਮੁਖਿ ਲੇਪੁ ਨ ਮਾਸਾ ਹੇ ॥੧੨॥ (ਅੰਗ-੧੦੭੩)

ਹੇ ਭਾਈ ! ਆਪਣੇ ਮਨ ਦੇ ਪਿਛੇ ਤੁਰਨ ਵਾਲਾ ਮਨੁੱਖ ਜੰਮਦਾ ਤੇ ਮਰਦਾ ਹੈ। ਮੁੜ ਮੁੜ ਜਨਮ ਮਰਨ ਦੇ ਇਸ ਗੇੜ ਦੀਆਂ ਚੋਟਾਂ ਖਾਂਦਾ ਰਹਿੰਦਾ ਹੈ। ਮਨ ਦਾ ਮੁਰੀਦ ਸਾਰੇ ਹੀ ਨਰਕ ਭੋਗਦਾ ਹੈ ਪਰ ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖਾਂ ਉੱਤੇ ਇਨ੍ਹਾਂ ਦਾ ਰਤਾ ਜਿੰਨਾ ਵੀ ਅਸਰ ਨਹੀਂ ਪੈਂਦਾ। ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ :

ਸਤਿਗੁਰੁ ਨ ਸੇਵਿਓ ਸਬਦੁ ਨ ਰਖਿਓ ਉਰ ਧਾਰਿ ॥
ਧਿਗੁ ਤਿਨਾ ਕਾ ਜੀਵਿਆ ਕਿਤੁ ਆਏ ਸੰਸਾਰਿ ॥ (ਅੰਗ-੧੪੧੪)

ਜਿਨ੍ਹਾਂ ਨੇ ਸਤਿਗੁਰੂ ਦੀ ਸੇਵਾ ਆਰਾਧਨਾ ਨਹੀਂ ਕੀਤੀ ਅਤੇ ਗੁਰੂ ਦੇ ਸ਼ਬਦ ਨੂੰ ਹਿਰਦੇ ਵਿੱਚ ਨਹੀਂ ਧਾਰਿਆ, ਉਨ੍ਹਾਂ ਦਾ ਜੀਉਣਾ ਫਿਟਕਾਰ ਹੈ, ਉਨ੍ਹਾਂ ਦਾ ਸੰਸਾਰ ਤੇ ਆਉਣਾ ਵੀ ਅਕਾਰਥ ਹੈ।

ਸਤਿਗੁਰ ਸਿਉ ਚਿਤੁ ਨ ਲਾਇਓ ਨਾਮੁ ਨ ਵਸਿਓ ਮਨਿ ਆਇ ॥
ਧ੍ਰਿਗੁ ਇਵੇਹਾ ਜੀਵਿਆ ਕਿਆ ਜੁਗ ਮਹਿ ਪਾਇਆ ਆਇ ॥ (ਅੰਗ-੫੧੦)

ਜੇ ਗੁਰੂ ਨਾਲ ਚਿਤ ਨਾਂਹ ਲਾਇਆ ਤੇ ਪ੍ਰਭੂ ਦਾ ਨਾਮ ਮਨ ਵਿੱਚ ਨਾਂਹ ਵਸਿਆ ਤਾਂ ਫਿਟੇ ਮੂੰਹ ਇਸ ਜੀਉਣ ਨੂੰ ! ਮਨੁੱਖਾ ਜਨਮ ਵਿੱਚ ਆ ਕੇ ਕੀ ਖੱਟਿਆ ? ਮਾਇਆ ਤਾਂ ਖੋਟੀ ਪੂੰਜੀ ਹੈ ਇਸ ਦਾ ਪਾਜ ਤਾਂ ਲਹਿ ਜਾਂਦਾ ਹੈ।

ਧ੍ਰਿਗੁ ਇਵੇਹਾ ਜੀਵਣਾ ਜਿਤੁ ਹਰਿ ਪ੍ਰੀਤਿ ਨ ਪਾਇ ॥ ਜਿਤੁ ਕੰਮਿ ਹਰਿ ਵੀਸਰੈ ਦੂਜੈ ਲਗੈ ਜਾਇ ॥੧॥ ਐਸਾ ਸਤਿਗੁਰੁ ਸੇਵੀਐ ਮਨਾ ਜਿਤੁ ਸੇਵਿਐ ਗੋਵਿਦ ਪ੍ਰੀਤਿ ਊਪਜੈ ਅਵਰ ਵਿਸਰਿ ਸਭ ਜਾਇ ॥ (ਅੰਗ-੪੯੦)

ਹੇ ਮੇਰੇ ਮਨ ! ਇਹੋ ਜਿਹੇ ਗੁਰੂ ਦੀ ਸ਼ਰਨ ਪੈਣਾ ਚਾਹੀਦਾ ਹੈ ਜਿਸ ਦੀ ਸਰਨ ਪਿਆ

ਪਰਮਾਤਮਾ ਨਾਲ ਪਿਆਰ ਪੈਦਾ ਹੋ ਜਾਏ ਅਤੇ ਹੋਰ ਮਾਇਆ ਦਾ ਪਿਆਰ ਸਾਰਾ ਭੁੱਲ ਜਾਏ ਤੇ ਪਰਮਾਤਮਾ ਨਾਲ ਚਿਤ ਸਦਾ ਜੁੜਿਆ ਰਹੇ। ਇਹੋ ਜਿਹਾ ਆਤਮਿਕ ਜੀਵਨ ਦਾ ਦਰਜਾ ਮਿਲ ਜਾਵੇ ਜਿਸ ਨੂੰ ਕਦੇ ਬੁਢੇਪੇ ਦਾ ਡਰ ਨਾਂਹ ਹੋ ਸਕੇ।

ਮਾਝ ਰਾਗ ਅੰਦਰ ਗੁਰੂ ਨਾਨਕ ਸਾਹਿਬ ਫੁਰਮਾਂਦੇ ਹਨ ਕਿ ਅਸਲ ਵਿੱਚ ਉਹ ਮਨੁੱਖ ਜੀਉਦਿਆਂ ਵਿੱਚ ਹਨ ਜਿਨ੍ਹਾਂ ਦੇ ਮਨ ਵਿੱਚ ਪ੍ਰਭੂ ਦਾ ਵਾਸਾ ਹੈ।

ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥ ਨਾਨਕ ਅਵਰੁ ਨ ਜੀਵੈ ਕੋਇ ॥

(ਅੰਗ-੧੪੨)

ਜੇ ਪਰਮਾਤਮਾ ਦਾ ਨਾਮ ਮਨ ਵਿੱਚ ਨਹੀਂ ਵਸਿਆ ਤਾਂ ਅਜਿਹਾ ਜੀਵਨ ਵਿਅਰਥ ਹੈ। ਗਉੜੀ ਰਾਗ ਅੰਦਰ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੇ ਬਚਨ ਹਨ :

ਸੋ ਜੀਵਤ ਜਿਹ ਜੀਵਤ ਜਪਿਆ॥ ਪ੍ਰਗਟ ਭਏ ਨਾਨਕ ਨਹ ਛਪਿਆ॥(ਅੰਗ-੨੫੪)

ਇਹ ਸਰੀਰ ਇੱਕ ਕੱਚਾ ਘੜਾ ਹੈ ਜਿਸ ਨੇ ਜਰੂਰ ਟੁੱਟਣਾ ਹੈ। ਸੋਚਾਂ ਸੋਚਿਆਂ ਵੀ ਇਸ ਹੋਣੀ ਤੋਂ ਕੋਈ ਬਚ ਨਹੀਂ ਸਕਦਾ। ਪਰ ਹੇ ਨਾਨਕ ! ਕੋਈ ਲੰਮੀ ਉੱਮਰ ਜੀਓ ਗਿਆ ਤੇ ਕੋਈ ਥੋੜੀ, ਉਸੇ ਨੂੰ ਹੀ ਜੀਉਂਦਾ ਸਮਝੋ ਜਿਸ ਨੇ ਜੀਉਂਦੇ ਪਰਮਾਤਮਾ ਦਾ ਸਿਮਰਨ ਕੀਤਾ ਹੈ, ਸਿਮਰਨ ਕਰਨ ਵਾਲਾ ਮਨੁੱਖ ਲੁੱਕਿਆ ਨਹੀਂ ਰਹਿੰਦਾ, ਜਗਤ ਵਿੱਚ ਨਾਮਣਾ ਵੀ ਖੱਟਦਾ ਹੈ।

ਧਨਾਸਰੀ ਰਾਗ ਦੇ ਇੱਕ ਸ਼ਬਦ ਵਿੱਚ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਇਉਂ ਫੁਰਮਾਉਂਦੇ ਹਨ :

ਤ੍ਰਿਪਤਿ ਭਈ ਸਚੁ ਭੋਜਨੁ ਖਾਇਆ ॥ ਮਨਿ ਤਨਿ ਰਸਨਾ ਨਾਮੁ ਧਿਆਇਆ ॥੧॥
ਜੀਵਨਾ ਹਰਿ ਜੀਵਨਾ ॥ ਜੀਵਨੁ ਹਰਿ ਜਪਿ ਸਾਧਸੰਗਿ ॥੧॥ (ਅੰਗ-੬੮੪)

ਹੇ ਭਾਈ ! ਸਾਧ ਸੰਗਤ ਵਿੱਚ ਬੈਠ ਕੇ ਪਰਮਾਤਮਾ ਦਾ ਨਾਮ ਜਪਿਆ ਕਰੋ ਇਹੀ ਅਸਲ ਜੀਵਨ ਤੇ ਇਹੀ ਅਸਲ ਜਿੰਦਗੀ ਹੈ ਜਿਨ੍ਹਾਂ ਮਨੁੱਖਾਂ ਨੇ ਆਪਣੇ ਮਨ, ਹਿਰਦੇ ਤੇ ਜੀਭ ਨਾਲ ਪਰਮਾਤਮਾ ਦਾ ਨਾਮ ਸਿਮਰਨ ਸ਼ੁਰੂ ਕਰ ਦਿਤਾ ਉਨ੍ਹਾਂ ਨੇ ਹਰੀ ਨਾਮ ਦੀ ਖੁਰਾਕ ਖਾਣੀ ਸ਼ੁਰੂ ਕਰ ਦਿੱਤੀ ਹੈ। ਗਉੜੀ ਦੀ ਵਾਰ ਵਿੱਚ ਵੀ ਆਪ ਜੀ ਇਸੇ ਵਿਚਾਰ ਨੂੰ ਦੁਹਰਾਂਦੇ ਆਖ ਰਹੇ ਹਨ :

ਜੰਮਣੁ ਮਰਣੁ ਨ ਤਿਨ੍ ਕਉ ਜੋ ਹਰਿ ਲੜਿ ਲਾਗੇ ॥ ਜੀਵਤ ਸੇ ਪਰਵਾਣੁ ਹੋਏ ਹਰਿ ਕੀਰਤਨਿ ਜਾਗੇ ॥ ਸਾਧਸੰਗੁ ਜਿਨ ਪਾਇਆ ਸੇਈ ਵਡਭਾਗੇ ॥ ਨਾਇ ਵਿਸਰਿਐ ਧ੍ਰਿਗੁ ਜੀਵਣਾ ਤੂਟੇ ਕਚ ਧਾਗੇ ॥ (ਅੰਗ-੩੨੨)

ਜੋ ਮਨੁੱਖ ਪਰਮਾਤਮਾ ਦਾ ਆਸਰਾ ਲੈਂਦੇ ਹਨ, ਉਨ੍ਹਾਂ ਲਈ ਜਨਮ ਮਰਨ ਦਾ ਗੇੜ ਨਹੀਂ ਰਹਿੰਦਾ, ਉਹ ਇਸੇ ਜੀਵਨ ਵਿੱਚ ਪ੍ਰਭੂ ਦੇ ਦਰ ਤੇ ਕਬੂਲ ਹੋ ਜਾਂਦੇ ਹਨ ਕਿਉਂ ਕਿ

ਪ੍ਰਭੂ ਦੀ ਸਿਫਤ ਸਾਲਾਹ ਕਰਕੇ ਉਹ ਵਿਕਾਰਾਂ ਤੋਂ ਬਚੇ ਰਹਿੰਦੇ ਹਨ। ਉਹ ਵੱਡੇ ਭਾਗਾਂ ਵਾਲੇ ਹਨ ਜਿਨ੍ਹਾਂ ਐਸੇ ਗੁਰਮੁਖਾਂ ਦੀ ਸੰਗਤ ਪਾਈ ਪਰ ਜੇ ਪ੍ਰਭੂ ਦਾ ਨਾਮ ਵਿਸਰ ਜਾਏ ਤਾਂ ਜੀਉਣਾ ਫਿਟਕਾਰ ਯੋਗ ਹੈ, ਟੁੱਟੇ ਹੋਏ ਕੱਚੇ ਧਾਗੇ ਵਾਂਗ ਵਿਅਰਥ ਹੈ। ਸੋ ਇਸ ਦਾ ਦੂਜਾ ਪਹਿਲੂ ਇਹ ਵੀ ਹੈ ਕਿ ਜੋ ਜੀਵ ਪ੍ਰਮੇਸ਼ਰ ਦੇ ਲੜ ਲੱਗੇ ਰਹਿੰਦੇ ਹਨ ਅਤੇ ਉਸ ਦੇ ਹੁਕਮ ਦੀ ਕਾਰ ਕਮਾ ਕੇ ਇਸ ਸੰਸਾਰ ਤੋਂ ਚਲੇ ਜਾਂਦੇ ਹਨ, ਉਨ੍ਹਾਂ ਦਾ ਕੇਵਲ ਮਰਨਾ ਹੀ ਸੱਚ ਨਹੀਂ ਸਗੋਂ ਜੀਉਣਾ ਵੀ ਸੱਚ ਹੈ। ਅਸੀਂ ਰੋਜਾਨਾ ਆਪਣੀ ਅਰਦਾਸ ਉਨ੍ਹਾਂ ਨੂੰ ਯਾਦ ਕਰਦੇ ਹੋਏ ਆਖਦੇ ਹਾਂ, ਪਹਿਲਾਂ ਦਸਾਂ ਗੁਰੂਆਂ, ਪੰਜਾਂ ਪਿਆਰਿਆਂ, ਚਾਰ ਸਾਹਿਬਜ਼ਾਦਿਆਂ, ਜਿੰਨਾਂ ਨੇ ਬੰਦ ਬੰਦ ਕਟਾਏ (ਭਾਈ ਮਨੀ ਸਿੰਘ ਆਦਿ) ਆਰਿਆਂ ਹੇਠ ਚਿਰਾਏ ਗਏ (ਭਾਈ ਮਤੀ ਦਾਸ ਆਦਿ) ਦੇਗਾਂ ਵਿੱਚ ਉਬਾਲੇ ਗਏ (ਭਾਈ ਦਿਆਲ ਜੀ ਆਦਿ) ਸੀਸ ਤਲੀ ਤੇ ਧਰਕੇ ਕੁਰਬਾਨੀਆਂ ਕੀਤੀਆਂ (ਬਾਬਾ ਦੀਪ ਸਿੰਘ ਜੀ ਆਦਿ) ਜਿਨ੍ਹਾਂ ਮਾਵਾਂ ਨੇ ਬੱਚਿਆਂ ਦੇ ਟੋਟੇ ਕਰਵਾ ਕੇ ਝੋਲੀਆਂ ਵਿੱਚ ਪੁਆਏ ਤੇ ਸੀਅ ਨਹੀਂ ਉਚਾਰੀ, ਗੁਰਦੁਆਰਿਆਂ ਦੀ ਪਵਿਤਰਤਾ ਨੂੰ ਕਾਇਮ ਰੱਖਣ ਲਈ ਸ਼ਹੀਦੀਆਂ ਪਾਈਆਂ, ਹੋਰ ਅਨੇਕਾਂ ਪੁਰਾਤਨ ਤੇ ਵਰਤਮਾਨ ਦੇ ਸ਼ਹੀਦ ਜਿਨ੍ਹਾਂ ਨੇ ਧਰਮ, ਕੌਮ ਤੇ ਦੇਸ਼ ਦੀ ਖਾਤਰ ਆਪਾ ਵਾਰ ਦਿੱਤਾ ਕੀ ਉਹ ਮੋਇਆਂ ਵਿੱਚ ਸ਼ਾਮਲ ਹਨ, ਨਹੀਂ ਉਹ ਸਦਾ ਸਾਡੀਆਂ ਯਾਦਾਂ ਵਿੱਚ ਰਹਿੰਦੀ ਦੁਨੀਆਂ ਤਕ ਯਾਦ ਰਹਿਣਗੇ। ਇਸ ਲਈ ਉਨ੍ਹਾਂ ਦਾ ਜੀਉਣਾ ਵੀ ਸੱਚ ਸੀ ਤੇ ਮਰਨਾ ਤੇ ਸੱਚ ਹੈ ਹੀ ਸੀ।

ਇਸ ਸੰਬੰਧ ਵਿੱਚ ਕੁਝ ਗੁਰ ਵਾਕਾਂ ਦੇ ਅਧਾਰ ਤੇ ਸਪਸ਼ਟ ਕਰਦੇ ਹਾਂ। ਮਲਾਰ ਰਾਗ ਅੰਦਰ ਗੁਰੂ ਨਾਨਕ ਸਾਹਿਬ ਦਾ ਫੁਰਮਾਨ ਹੈ :

ਕਹਾਂ ਤੇ ਆਇਆ ਕਹਾਂ ਏਹੁ ਜਾਣੁ ॥ ਜੀਵਤ ਮਰਤ ਰਹੈ ਪਰਵਾਣੁ ॥
ਹੁਕਮੈ ਬੂਝੈ ਤਤੁ ਪਛਾਣੈ ॥ ਇਹੁ ਪਰਸਾਦੁ ਗੁਰੂ ਤੇ ਜਾਣੈ ॥ (ਅੰਗ-੧੨੮੯)

ਇਹ ਜੀਵ ਕਿਥੋਂ ਆਇਆ ਹੈ, ਕਿਥੇ ਇਸ ਨੇ ਜਾਣਾ ਹੈ। ਪ੍ਰਭੂ ਦਾ ਨਾਮ ਸੁਆਸ ਸੁਆਸ ਸਿਮਰਨ ਕਰਕੇ ਇਸ ਦਾ ਜਨਮ ਮਰਨ ਦਾ ਚੱਕਰ ਮਿਟ ਜਾਂਦਾ ਹੈ। ਜੀਵਤ ਭਾਵ ਤੋਂ ਮਰਕੇ ਪ੍ਰਭੂ ਦਰ ਤੇ ਪ੍ਰਵਾਨ ਹੋ ਜਾਂਦਾ ਹੈ। ਜਦ ਜੀਵ ਪਰਮਾਤਮਾ ਦੀ ਰਜਾ ਨੂੰ ਸਮਝ ਲੈਂਦਾ ਹੈ ਤਾਂ ਅਸਲੀਅਤ ਦੀ ਪਹਿਚਾਣ ਹੋ ਜਾਂਦੀ ਹੈ।

ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ ॥
ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ ॥ (ਅੰਗ-੫੮੦)

ਜਿਹੜੇ ਮਨੁੱਖ ਜੀਉਂਦਿਆਂ ਹੀ ਪ੍ਰਭੂ ਦੀ ਆਂ ਨਜਰਾਂ ਵਿੱਚ ਕਬੂਲ ਹੋ ਕੇ ਮਰਦੇ ਹਨ ਉਹ ਸੂਰਮੇ ਹਨ ਉਨ੍ਹਾਂ ਦਾ ਮਰਨਾ ਵੀ ਲੋਕ ਪ੍ਰਲੋਕ ਵਿੱਚ ਸਲਾਹਿਆ ਜਾਂਦਾ ਹੈ। ਪ੍ਰਭੂ ਦੀ ਹਜੂਰੀ ਵਿੱਚ ਉਹੀ ਬੰਦੇ ਸੂਰਮੇ ਆਖੇ ਜਾਂਦੇ ਹਨ, ਉਹ ਬੰਦੇ ਸਦਾ ਥਿਰ ਪ੍ਰਭੂ ਦੀ ਦਰਗਾਹ ਵਿੱਚ ਆਦਰ ਪਾਂਦੇ ਹਨ ਤੇ ਇਜਤ ਨਾਲ ਇਥੋਂ ਜਾਂਦੇ ਹਨ। ਪਰਲੋਕ ਵਿੱਚ ਉਨ੍ਹਾਂ ਨੂੰ ਦੁਖ

ਨਹੀਂ ਵਿਆਪਦਾ।

ਜਗ ਮਹਿ ਆਇਆ ਸੋ ਪਰਵਾਣੁ॥ ਗੁਰਮੁਖਿ ਅਪਨਾ ਖਸਮੁ ਪਛਾਣੁ॥(ਅੰਗ-੮੬੭)

ਜਿਹੜਾ ਮਨੁੱਖ ਸ੍ਰਿਸ਼ਟੀ ਦੇ ਪਾਲਣਹਾਰ ਪ੍ਰਭੂ ਦੀ ਸਿਫਤ ਸਾਲਾਹ ਦਾ ਗੀਤ ਗਾਂਦਾ ਰਹਿੰਦਾ ਹੈ ਉਸ ਨੂੰ ਮੌਤ ਦਾ ਡਰ ਪੋਹ ਨਹੀਂ ਸਕਦਾ, ਉਸ ਦਾ ਦੁਨੀਆ ਤੇ ਆਉਣਾ ਸਫਲ ਹੋ ਜਾਂਦਾ ਹੈ ਇਸ ਲਈ ਹੇ ਜੀਵ ! ਤੂੰ ਵੀ ਗੁਰੂ ਦੀ ਸ਼ਰਨ ਪੈ ਕੇ ਆਪਣੇ ਮਾਲਕ ਪ੍ਰਭੂ ਨਾਲ ਜਾਣ-ਪਛਾਣ ਪਾਈ ਰੱਖ।

ਗੁਰੂ ਅਰਮਦਾਸ ਜੀ ਦਾ ਫੁਰਮਾਨ ਹੈ ਕਿ ਉਨ੍ਹਾਂ ਜੀਵਾਂ ਦਾ ਆਉਣਾ ਹੀ ਪਰਵਾਣ ਹੈ ਜਿਨ੍ਹਾਂ ਨੇ ਗੁਰੂ ਦੀ ਸੇਵਾ ਵਿੱਚ ਚਿਤ ਲਾਇਆ ਹੈ।

ਆਇਆ ਸੋ ਪਰਵਾਣੁ ਹੈ ਭਾਈ ਜਿ ਗੁਰ ਸੇਵਾ ਚਿਤੁ ਲਾਇ ॥
ਨਾਨਕ ਨਾਮੁ ਹਰਿ ਪਾਈਐ ਭਾਈ ਗੁਰ ਸਬਦੀ ਮੇਲਾਇ ॥੪॥ (ਅੰਗ-੬੦੩)

ਹੇ ਭਾਈ ! ਜਿਹੜਾ ਮਨੁੱਖ ਗੁਰੂ ਦੀ ਦੱਸੀ ਸੇਵਾ ਵਿੱਚ ਚਿਤ ਜੋੜਦਾ ਹੈ ਉਸ ਦਾ ਜਗਤ ਵਿੱਚ ਆਉਣਾ ਸਫਲ ਹੋ ਜਾਂਦਾ ਹੈ। ਹੇ ਨਾਨਕ ! ਗੁਰੂ ਦੀ ਰਾਹੀਂ ਪਰਮਾਤਮਾ ਦਾ ਨਾਮ ਪ੍ਰਾਪਤ ਹੋ ਜਾਂਦਾ ਹੈ, ਗੁਰੂ ਦੇ ਸਬਦ ਦੀ ਬਰਕਤ ਨਾਲ ਪ੍ਰਭੂ ਨਾਲ ਮਿਲਾਪ ਹੋ ਜਾਂਦਾ ਹੈ। ਗੁਰੂ ਫੁਰਮਾਨ ਹੈ :

ਆਇਆ ਸਫਲ ਤਾਹੂ ਕੋ ਗਨੀਐ ॥ ਜਾਸੁ ਰਸਨ ਹਰਿ ਹਰਿ ਜਸੁ ਭਨੀਐ ॥
(ਅੰਗ-੨੫੨)

ਇਸ ਜਗਤ ਵਿੱਚ ਉਸੇ ਮਨੁੱਖ ਦਾ ਆਉਣਾ ਨੇਪਰੇ ਚੜ੍ਹਿਆ ਜਾਣੋ ਜਿਸ ਦੇ ਮਨ ਤੇ ਰਸਨਾ ਸਦਾ ਪਰਮਾਤਮਾ ਦੇ ਨਾਮ ਵਿੱਚ ਮਸਤ ਰਹਿੰਦਾ ਹੈ। ਜਗਤ ਵਿੱਚ ਉਹੀ ਆਇਆ ਸਮਝੋ। ਹੇ ਨਾਨਕ ! ਜੋ ਮਨੁੱਖ ਪਰਮਾਤਮਾ ਦੇ ਦੀਦਾਰ ਵਿੱਚ ਲੀਨ ਰਹਿੰਦਾ ਹੈ, ਜਗਤ ਵਿੱਚ ਉਸ ਦਾ ਜਨਮ ਇਕੋ ਵਾਰੀ ਹੁੰਦਾ ਹੈ, ਉਹ ਮੁੜ ਮੁੜ ਜੂਨਾਂ ਵਿੱਚ ਨਹੀਂ ਆਉਂਦਾ। ਅਜਿਹੇ ਜੀਵਾਂ ਨੂੰ ਪਰਮੇਸ਼ਰ ਦੀ ਦਰਗਾਹ ਵਿੱਚ ਵੀ ਸਨਮਾਨ ਮਿਲਦਾ ਹੈ :

ਰੇ ਰੇ ਦਰਗਹ ਕਹੈ ਨ ਕੋਊ ॥ ਆਉ ਬੈਠੁ ਆਦਰੁ ਸੁਭ ਦੇਊ ॥
ਉਆ ਮਹਲੀ ਪਾਵਹਿ ਤੂ ਬਾਸਾ ॥ ਜਨਮ ਮਰਨ ਨਹ ਹੋਇ ਬਿਨਾਸਾ ॥
ਮਸਤਕਿ ਕਰਮੁ ਲਿਖਿਓ ਧੁਰਿ ਜਾ ਕੈ ॥ ਹਰਿ ਸੰਪੈ ਨਾਨਕ ਘਰਿ ਤਾ ਕੈ ॥
(ਅੰਗ-੨੫੨)

ਹੇ ਭਾਈ ! ਜੀਭ ਨਾਲ ਸਦਾ ਪ੍ਰਭੂ ਦਾ ਨਾਮ ਜਪੋ ਤੇ ਮਨ ਨੂੰ ਪ੍ਰਭੂ ਨਾਮ ਨਾਲ ਰੰਗੋ ਫਿਰ ਪ੍ਰਭੂ ਦੀ ਹਜੂਰੀ ਵਿੱਚ ਤੁਹਾਨੂੰ ਕੋਈ ਅਨਾਦਰੀ ਦੇ ਬੋਲ ਨਹੀਂ ਬੋਲੇਗਾ ਸਗੋਂ ਆਦਰ ਮਿਲੇਗਾ। ਕਹਿਣਗੇ-ਆਓ ਬੈਠੋ ! ਮਨ ਨਾਮ ਵਿੱਚ ਰੰਗਿਆ ਹੋਣ ਕਰਕੇ ਪ੍ਰਭੂ ਦੀ ਹਜੂਰੀ ਵਿੱਚ ਟਿਕਾਣਾ ਮਿਲ ਜਾਏਗਾ। ਜਨਮ ਮਰਨ ਦਾ ਗੇੜ ਮੁੱਕ ਜਾਵੇਗਾ ਤੇ ਆਤਮਿਕ ਮੌਤ

ਨਹੀਂ ਹੋਵੇਗੀ। ਅਜਿਹੇ ਜੀਵਾਂ ਬਾਰੇ ਹੀ ਗੁਰੂ ਜੀ ਆਖਦੇ ਹਨ :

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥
ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥੨॥ (ਅੰਗ-੭੪੯)

ਹੇ ਹਰੀ ! ਤੇਰੇ ਸੰਤ ਜਨ ਭਾਗਾਂ ਵਾਲੇ ਹਨ ਕਿਉਂਕਿ ਉਨ੍ਹਾਂ ਦੇ ਹਿਰਦੇ ਵਿੱਚ ਤੇਰਾ ਨਾਮ ਧਨ ਵਸਦਾ ਹੈ, ਉਨ੍ਹਾਂ ਦਾ ਜਗਤ ਵਿੱਚ ਆਉਣਾ ਸਫਲ ਹੈ। ਉਹ ਜਨਮ ਮਰਨ ਦੇ ਗੇੜ ਵਿੱਚ ਨਹੀਂ ਆਉਂਦੇ ਉਹ ਤਾਂ ਹੋਰਨਾਂ ਨੂੰ ਆਤਮਿਕ ਜੀਵਨ ਦੀ ਦਾਤ ਦੇ ਪਰਮਾਤਮਾ ਦੀ ਭਗਤੀ ਨਾਲ ਜੋੜ ਕੇ ਉਨ੍ਹਾਂ ਨੂੰ ਪਰਮਾਤਮਾ ਨਾਲ ਮਿਲਾ ਦੇਂਦੇ ਹਨ।

ਜਿਨ ਹਰਿ ਮਨਿ ਵਸਿਆ ਸੇ ਦਰਿ ਸਾਚੇ ਦਰਿ ਸਾਚੈ ਸਚਿਆਰਾ ॥
ਓਨਾ ਦੀ ਸੋਭਾ ਜੁਗਿ ਜੁਗਿ ਹੋਈ ਕੋਇ ਨ ਮੇਟਣਹਾਰਾ ॥ (ਅੰਗ-੬੩੮)

ਜਿਨ੍ਹਾਂ ਮਨੁੱਖਾਂ ਦੇ ਮਨ ਵਿੱਚ ਹਰੀ ਪ੍ਰਭੂ ਦਾ ਨਾਮ ਵਸਿਆ ਰਹਿੰਦਾ ਹੈ ਉਹ ਸੱਚੇ ਪ੍ਰਭੂ ਦੇ ਦਰ ਉੱਤੇ ਸਦਾ ਸਚਿਆਰ ਹੋ ਕੇ ਜਾਂਦੇ ਹਨ। ਉਨ੍ਹਾਂ ਦੀ ਸੋਭਾ ਇਸ ਜਗ ਵਿੱਚ ਵੀ ਹੁੰਦੀ ਹੈ, ਉਨ੍ਹਾਂ ਦੀ ਸੋਭਾ ਨੂੰ ਕੋਈ ਮੇਟ ਨਹੀਂ ਸਕਦਾ। ਪ੍ਰਭੂ ਦੀ ਦਰਗਾਹ ਵਿੱਚ ਉਹ ਸੁਰਖਰੂ ਹੋ ਕੇ ਜਾਂਦੇ ਹਨ।

ਲੇਖ ਦੇ ਅੰਤ ਵਿੱਚ ਅਸੀਂ ਇਹ ਕਹਿ ਸਕਦੇ ਹਾਂ ਕਿ ਇਹ ਅਟੱਲ ਸੱਚਾਈ ਹੈ ਕਿ ਮਰਨਾ ਸੱਚ ਹੈ ਅਤੇ ਸੰਸਾਰੀ ਜੀਵਨ ਦਾ ਅਕਸਰ ਅੰਤ ਵੀ ਹੋਣਾ ਹੈ ਇਸ ਲਈ ਜੀਵਨ ਵੀ ਝੂਠ ਹੈ ਪਰ ਉਨ੍ਹਾਂ ਦਾ ਜੀਵਨ ਸਦਾ ਸੱਚਾ ਹੈ ਜੋ ਹਰਿ ਲੜ ਲੱਗੇ ਹੋਏ ਆਪਣੇ ਗੁਰੂ ਦੇ ਹੁਕਮ ਅਨੁਸਾਰ ਕਮਾਈ ਕਰਦੇ ਹੋਏ, ਧਰਮ, ਕੌਮ ਤੇ ਦੇਸ਼ ਲਈ ਪ੍ਰਾਣਾਂ ਦੀ ਆਹੂਤੀ ਦੇ ਜਾਂਦੇ ਹਨ ਅਤੇ

ਓਨਾ ਪਿਛੈ ਜਗੁ ਭੁੰਚੈ ਭੋਗਈ॥ ਓਨਾ ਪਿਆਰਾ ਰਬੁ ਓਨਾਹਾ ਜੋਗਈ ॥(ਅੰਗ-੯੫੮)

ਜਿਨ੍ਹਾਂ ਮਨੁੱਖਾਂ ਦਾ ਮਨ ਪ੍ਰਭੂ ਪ੍ਰੇਮ ਨਾਲ ਰੰਗਿਆ ਗਿਆ। ਪ੍ਰਭੂ ਦੀ ਯਾਦ ਉਨ੍ਹਾਂ ਦੀ ਜਿੰਦਗੀ ਦਾ ਆਧਰ ਬਣ ਜਾਂਦਾ ਹੈ ਤੇ ਨਾਮ ਹੀ ਉਨ੍ਹਾਂ ਦੀ ਖ਼ੁਰਾਕ ਬਣ ਜਾਂਦੀ ਹੈ। ਅਜਿਹੇ ਬੰਦਿਆਂ ਦੇ ਪੂਰਨਿਆਂ ਉਤੇ ਚਲ ਕੇ ਜਗਤ ਸਿਫਤ ਸਾਲਾਹ ਦੀ ਖ਼ੁਰਾਕ ਖਾਂਦਾ ਹੈ। ਉਨ੍ਹਾਂ ਨੂੰ ਰੱਬ ਪਿਆਰਾ ਲੱਗਦਾ ਹੈ ਤੇ ਰੱਬ ਉਨ੍ਹਾਂ ਦੇ ਪਿਆਰ ਦੇ ਵੱਸ ਵਿੱਚ ਹੋ ਜਾਂਦਾ ਹੈ।

-o-o- o-

# ਕਸਤੂਰੀ ਮਿਰਗ ਨਾ ਜਾਣਦਾ

-ਭਾਈ ਸਾਹਿਬ ਭਾਈ ਸਰਦਾਰਾ ਸਿੰਘ ਜੀ

ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ ਮਨਮੁਖਾ ਸਾਦੁ ਨ ਪਾਇਆ॥ ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ ॥ ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ ਕਰਤੈ ਆਪਿ ਖੁਆਇਆ ॥ ਗੁਰਮੁਖਿ ਵਿਰਲੇ ਸੋਝੀ ਪਈ ਤਿਨਾ ਅੰਦਰਿ ਬ੍ਰਹਮੁ ਦਿਖਾਇਆ ॥ (ਅੰਗ-੬੪੪)

'ਮਿਰਗ' ਹਿਰਣ ਦਾ ਦੂਜਾ ਨਾਂ ਹੈ। ਇਕ ਕਸਤੂਰਾ ਮਿਰਗ ਹੁੰਦਾ ਹੈ। ਆਖਦੇ ਹਨ ਕਿ ਉਸ ਦੀ ਨਾਭੀ ਵਿੱਚ ਕਸਤੂਰੀ ਹੁੰਦੀ ਹੈ। ਇਸ ਕਸਤੂਰੀ ਦੀ ਵਾਸ਼ਨਾ ਬੜੀ ਮਨਮੋਹਕ ਹੁੰਦੀ ਹੈ ਜਿਸ ਕਰਕੇ ਇਹ ਬੜੀ ਹੀ ਮਹਿੰਗੀ ਵਸਤੂ ਹੈ। ਸੋਨੇ ਚਾਂਦੀ ਤੋਂ ਵੀ ਮਹਿੰਗੀ। ਸੋਨੇ ਚਾਂਦੀ ਵਿੱਚ ਚਮਕ ਹੀ ਹੁੰਦੀ ਹੈ, ਹੋਰ ਤਾਂ ਕੁਝ ਨਹੀਂ ਪਰ ਕਸਤੂਰੀ ਵਾਸ਼ਨਾ ਭਰਪੂਰ ਹੋਣ ਕਰਕੇ ਬਹੁ-ਮੁੱਲੀ ਸ਼ੈ ਹੈ।

ਮਿਰਗ ਨੂੰ ਇਕ ਕਸਤੂਰੀ ਦੀ ਵਾਸ਼ਨਾ ਜਦੋਂ ਆਪਣੇ ਅੰਦਰੋਂ ਹੀ ਆਉਂਦੀ ਹੈ ਤਾਂ ਇਸ ਤੇ ਮੋਹਿਤ ਹੋ ਜਾਂਦਾ ਹੈ ਪਰ ਉਸ ਨੂੰ ਸਮਝ ਨਹੀਂ ਹੁੰਦੀ ਕਿ ਵਾਸ਼ਨਾ ਕਿਥੋਂ ਆ ਰਹੀ ਹੈ। ਉਹ ਇਸ ਨੂੰ ਲੱਭਣ ਲਈ ਝਾੜਾਂ ਦੇ ਵਿੱਚ ਐਧਰ-ਉਧਰ ਭੱਜਦਾ ਫਿਰਦਾ ਹੈ । ਟੱਕਰਾਂ ਮਾਰਦਾ ਹੈ, ਬਾਹਰਮੁਖੀ ਹੋ ਕੇ ਉਹ ਅੰਜਾਣ ਹੈ, ਇਸ ਗੱਲ ਤੋਂ ਕਿ ਕਸਤੂਰੀ ਉਸ ਦੀ ਆਪਣੀ ਨਾਭੀ ਵਿੱਚ ਹੀ ਮੌਜੂਦ ਹੈ ।

ਸਤਿਗੁਰੂ ਜੀ ਹਿਰਣ ਦੀ ਉਦਾਹਰਣ ਲੈ ਕੇ ਸਾਨੂੰ ਸਮਝਾਉਣ ਦੀ ਕੋਸ਼ਿਸ਼ ਕਰਦੇ ਹਨ ਕਿ ਐ ਮਨੁੱਖ ! ਤੂੰ ਗੁਰੂ ਦੀ ਸ਼ਰਣ ਵਿੱਚ ਨਹੀਂ ਆਉਂਦਾ ਅਤੇ ਰਸਾਂ ਕਸਾਂ ਦੇ ਵਿੱਚ ਪੈ ਕੇ ਅੰਮ੍ਰਿਤ ਨੂੰ ਛੱਡੀਂ ਫਿਰਦਾ ਹੈਂ। ਅੰਮ੍ਰਿਤ ਕਿਤੇ ਬਾਹਰ ਨਹੀਂ ਤੇਰੇ ਆਪਣੇ ਘਰ (ਸਰੀਰ) ਵਿੱਚ ਹੀ ਮੌਜੂਦ ਹੈ। ਅੰਮ੍ਰਿਤ ਨੂੰ ਪੀ ਕੇ ਤੇਰੀਆਂ ਸਭ ਤ੍ਰਿਸ਼ਨਾਵਾਂ ਅਤੇ ਭੁੱਖਾਂ ਮਿਟ ਜਾਣਗੀਆਂ ਪਰ ਤੈਨੂੰ ਗੁਰਮੁਖ ਬਨਣਾ ਪਊ। ਗੁਰੂ ਵਾਲਾ ਬਣ ਕੇ ਅੰਮ੍ਰਿਤ ਦੀ ਪ੍ਰਾਪਤੀ ਹੋ ਸਕਦੀ ਹੈ। ਗੁਰਮੁਖਿ ਬਣ ਕੇ ਫੇਰ ਮਨੁੱਖ ਗੁਰਬਾਣੀ ਨਾਲ ਮਨ ਜੋੜ ਕੇ ਆਪਣੇ ਸਰੀਰ ਵਿਚੋਂ ਅੰਮ੍ਰਿਤ ਰਸ ਨੂੰ ਚਖਦਾ ਹੈ ਅਤੇ ਸਦਾ ਅਨੰਦਿਤ ਰਹਿੰਦਾ ਹੈ:-

ਗੁਰ ਅੰਮ੍ਰਿਤ ਭਿੰਨੀ ਦੇਹੁਰੀ ਅੰਮ੍ਰਿਤੁ ਬੁਰਕੇ ਰਾਮ ਰਾਜੇ ॥
ਜਿਨਾ ਗੁਰਬਾਣੀ ਮਨਿ ਭਾਈਆ ਅੰਮ੍ਰਿਤਿ ਛਕਿ ਛਕੇ ॥ (ਅੰਗ-੪੪੬)

ਅਸੀਂ ਭੁੱਲ ਜਾਂਦੇ ਹਾਂ ਆਪਣੇ ਮੂਲ ਨੂੰ, ਭੁੱਲ ਜਾਂਦੇ ਹਾਂ ਆਪਣੇ ਸਤਿਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ, ਭੁੱਲ ਜਾਂਦੇ ਹਾਂ ਗੁਰਬਾਣੀ ਨੂੰ। ਆਪਣੀ ਦੇਹ ਅਪਣੇ ਅੰਤਰ ਆਤਮੇ ਨੂੰ

ਢੂੰਡਣ ਦੀ ਥਾਂ ਤੇ ਦੌੜਦੇ ਹਾਂ ਹੋਰਾਂ ਦੇਹਾਂ ਦੇ ਪਿਛੇ, ਸਰੀਰਾਂ ਦੇ ਪਿਛੇ ਲੱਭਦੇ ਹਾਂ, ਸੁੱਖ ਨੂੰ, ਸ਼ਾਂਤੀ ਨੂੰ ਬਾਹਰਮੁਖੀ ਹੋ ਕੇ। ਅਮੋਲਕ ਵਸਤੂ ਗੁਰਬਾਣੀ ਦੀ ਸਿੱਖਿਆ ਤੇ ਨਾ ਚਲਦੇ ਹੋਏ, ਮਨਮੁਖਿ ਬਣੇ ਰਹਿੰਦੇ ਹਾਂ ਅਤੇ ਅੰਮ੍ਰਿਤ ਤੋਂ ਵਾਂਝੇ ਰਹਿ ਜਾਂਦੇ ਹਾਂ । ਪਰ ਜਿਨ੍ਹਾਂ ਨੇ ਗੁਰੂ-ਬਾਣੀ ਨਾਲ ਮਨ ਜੋੜ ਲਿਆ ਹੈ ਉਹ ਅੰਮ੍ਰਿਤ ਨੂੰ ਛੱਕਦੇ ਛਕਾਉਂਦੇ ਹਨ।

ਮੁੰਢਹੁ ਭੁਲੀ ਨਾਨਕਾ ਫਿਰਿ ਫਿਰਿ ਜਨਮਿ ਮੁਈਆਸੁ ॥
ਕਸਤੂਰੀ ਕੈ ਭੋਲੜੈ ਗੰਦੇ ਡੁੰਮਿ ਪਈਆਸੁ ॥੨॥ (ਅੰਗ-੮੯)

ਇਸ ਅੰਮ੍ਰਿਤ ਰਸ, ਨਾਮ ਦੇ ਪੀਤੇ ਬਗੈਰ, ਜਨਮ-ਮਰਨ ਦੇ ਚੱਕਰ ਵਿੱਚ ਪਏ ਰਹਿੰਦੇ ਹਾਂ। ਵਿਕਾਰਾਂ ਵਿੱਚ ਫਸ ਕੇ ਵਿਸਟਾ ਦੇ ਕੀੜੇ ਬਣੇ ਰਹਿੰਦੇ ਹਾਂ।

ਹਾਂ ਜੀ ! ਗੁਰੂ ਦੇ ਸ਼ਬਦ ਦੀ ਵੀਚਾਰ ਕੀਤੇ ਬਗੈਰ ਅੰਮ੍ਰਿਤ ਨਹੀਂ ਪਾਇਆ ਜਾ ਸਕਦਾ :-

ਕਾਇਆ ਅੰਮ੍ਰਿਤਿ ਰਹੀ ਭਰਪੂਰੇ ਪਾਈਐ ਸਬਦਿ ਵੀਚਾਰੀ ॥ (ਅੰਗ-੯੧੧)

ਪੂਰੇ ਸਤਿਗੁਰੂ ਦੇ ਬਚਨਾਂ ਨੂੰ ਜੋ ਜਨ ਪੂਰੀ ਤਰ੍ਹਾਂ ਹਉਮੈ ਦਾ ਤਿਆਗ ਕਰਕੇ ਕਮਾਉਂਦਾ ਹੈ। ਸਿਮਰਨ ਵਿੱਚ ਜੁੜਦਾ ਹੈ। ਗੁਰੂ ਦੇ ਸ਼ਬਦ ਨਾਲ ਪੂਰੀ ਤਰ੍ਹਾਂ ਸਾਂਝ ਪਾਉਂਦਾ ਹੈ, ਸ਼ਬਦ ਨੂੰ ਆਪਣੇ ਹਿਰਦੇ ਵਿੱਚ ਵਸਾਉਂਦਾ ਹੈ। ਉਹ ਅੰਮ੍ਰਿਤ ਜਿਸ ਨੂੰ ਸਾਰਾ ਸੰਸਾਰ ਲੱਭਦਾ ਹੈ। ਸਾਰੀ ਮਨੁਖ ਜਾਤੀ ਅਤੇ ਦੇਵੀ ਦੇਵਤੇ ਆਦਿ ਵੀ ਭਾਲਦੇ ਹਨ, ਸਾਡੇ ਸਰੀਰ ਅੰਦਰ ਇਹ ਅੰਮ੍ਰਿਤ ਦਾ ਸਰੋਵਰ ਲਬਾ ਲਬ ਭਰਿਆ ਹੋਇਆ ਹੈ। ਗੁਰਮੁਖਿ ਜਨ ਸਰੀਰ ਵਿਚੋਂ ਗੁਰ ਸ਼ਬਦ ਦੀ ਕਮਾਈ ਨਾਲ ਸਹਿਜ ਸੁਭਾਏ ਪੀਂਦੇ ਹਨ :-

ਸਬਦਿ ਮਰੈ ਸੋਈ ਜਨੁ ਪੂਰਾ ॥ ਸਤਿਗੁਰੁ ਆਖਿ ਸੁਣਾਏ ਸੂਰਾ ॥
ਕਾਇਆ ਅੰਦਰਿ ਅੰਮ੍ਰਿਤ ਸਰੁ ਸਾਚਾ ਮਨੁ ਪੀਵੈ ਭਾਇ ਸੁਭਾਈ ਹੇ॥

ਇਸੇ ਸਿਧਾਂਤ ਦੀ ਪ੍ਰੋੜ੍ਹਤਾ ਕਰਦੇ ਹੋਏ, ਭਾਈ ਗੁਰਦਾਸ ਜੀ ਆਪਣੀ ਵਾਰ ਵਿੱਚ ਮਿਰਗ ਦੀ ਉਦਾਹਰਣ ਦੇ ਨਾਲ ਨਾਲ ਹੋਰ ਕਈ ਦ੍ਰਿਸ਼ਟਾਂਤ ਦਿੰਦੇ ਹਨ :-

ਜਿਉਂ ਮਣਿ ਕਾਲੇ ਸਪ ਸਿਰਿ ਸਾਰ ਨ ਜਾਣੈ ਵਿਸੁ ਭਰਿਆ॥ ਜਾਣੁ ਕਥੂਰੀ ਮਿਰਗ ਤਨਿ ਝਾੜਾਂ ਸਿੰਙਦਾ ਫਿਰੈ ਅਫਰਿਆ॥ ਜਿਉਂ ਕਰਿ ਮੋਤੀ ਸਿਪ ਵਿਚਿ ਮਰਮੁ ਨ ਜਾਣੈ ਅੰਦਰਿ ਧਰਿਆ ॥ ਜਿਉਂ ਗਾਈਂ ਥਣਿ ਚਿਚੁੜੀ ਦੁਧੁ ਨ ਪੀਐ ਲੋਹੂ ਜਰਿਆ॥ ਬਗਲਾ ਤਰਣਿ ਨ ਸਿਖਿਓ ਤੀਰਥਿ ਨ੍ਹਾਇ ਨ ਪਥਰੁ ਤਰਿਆ॥ ਨਾਲਿ ਸਿਆਣੇ ਭਲੀ ਭਿਖ ਮੂਰਖ ਰਾਜਹੁ ਕਾਜੁ ਨ ਸਰਿਆ ॥ ਮੇਖੀ ਹੋਇ ਵਿਗਾੜੈ ਖਰਿਆ ॥ (ਵਾਰ ੩੨, ਪਉੜੀ ੮, ਭਾਈ ਗੁਰਦਾਸ ਜੀ)

ਭਾਈ ਸਾਹਿਬ ਸਾਡੇ ਜੀਵਨ ਦੇ ਆਲੇ ਦੁਆਲੇ ਵਿਚੋਂ ਉਦਾਹਰਣਾਂ ਇੱਕਠੀਆਂ ਕਰਕੇ

ਗੁਰਮੁਖਿ ਬਨਣ ਲਈ ਪ੍ਰੇਰਦੇ ਹਨ, ਆਖਦੇ ਹਨ ਕਿ ਭਾਈ ਅਜੇਹਾ ਸੁਭਾ ਅਖਤਿਆਰ ਨਾ ਕਰ, ਜਿਸ ਦੇ ਕਾਰਨ ਸਭ ਕੁਝ ਕੋਲ ਹੀ ਹੁੰਦੇ ਹੋਏ ਉਸ ਤੋਂ ਬੇਮੁਖ ਰਹੋਂ। ਜੀਵ ਨੂੰ ਸਹੀ ਜੀਵਨ ਜੀਣ ਲਈ ਪ੍ਰੇਰਦੇ ਹਨ ;

ਕਾਲੇ ਫਨੀਅਰ ਸੱਪ ਦੇ ਸਿਰ ਵੀ ਮਣੀ ਹੁੰਦੀ ਹੈ, ਪਰ ਉਸ ਨੂੰ ਉਸਦੀ ਸਾਰ ਨਹੀਂ ਅਤੇ ਉਹ ਸ਼ਾਂਤ ਸੁਭਾ ਤੇ ਰਹਿਮ ਦਿਲ ਹੋਣ ਦੀ ਥਾਂ ਤੋ ਉਲਟਾ ਵਿਸ਼ ਨਾਲ ਭਰਿਆ ਰਹਿੰਦਾ।

ਸਿੱਪ ਦੇ ਅੰਦਰ ਮੋਤੀ ਹੁੰਦਾ ਹੈ ਪਰ ਸਿੱਪ ਨੂੰ ਵੀ ਮੋਤੀ ਦੀ ਸਾਰ ਨਹੀਂ ਹੁੰਦੀ ਕਿ ਉਹਦੇ ਅੰਦਰ ਮੋਤੀ ਪਿਆ ਹੈ। ਐਡੀ ਵੱਡਮੱਲੀ ਵਸਤੂ ਉਸ ਸੰਭਾਲੀ ਹੋਈ ਹੈ, ਪਰ ਬੇਖਬਰ, ਇਸ ਦਾ ਉਸ ਨੂੰ ਕੋਈ ਗਿਆਨ ਨਹੀਂ। ਗਊ ਦੇ ਥਣਾਂ ਵਿੱਚ ਦੁੱਧ ਹੁੰਦਾ ਹੈ, ਚਿੱਚੜੀ ਥਣਾਂ ਦੇ ਆਲੇ ਦੁਆਲੇ ਚਿਮੜੀ ਰਹਿੰਦੀ ਹੈ। ਆਮ ਵੇਖਿਆ ਗਿਆ ਹੈ ਬਹੁਤ ਚਿੱਚੜੀਆਂ ਥਣਾਂ ਨੂੰ ਚਿਮੜੀਆਂ ਹੁੰਦੀਆਂ ਹਨ। ਪਰ ਹੈਰਾਨੀ ਦੀ ਗੱਲ ਹੈ ਕਿ ਚਿੱਚੜੀ ਦੁੱਧ ਨਹੀਂ ਪੀਂਦੀ, ਦੁੱਧ ਤੋਂ ਵਾਂਝੇ ਰਹਿੰਦੀ ਹੈ ਅਤੇ ਗਊ ਦੇ ਸਰੀਰ ਵਿਚੋਂ ਖੂਨ ਚੂਸਦੀ ਰਹਿੰਦੀ ਹੈ।

ਬਗਲਾ ਝੀਲਾਂ, ਸਰਵੋਰਾਂ, ਪਾਣੀ ਦੇ ਛਪੜਾਂ ਦੇ ਨੇੜੇ ਕੰਢਿਆ ਤੇ ਵਸਦਾ ਹੈ ਆਪਣਾ ਸਾਰਾ ਸਮਾਂ ਉਥੇ ਹੀ ਗੁਜ਼ਾਰਦਾ ਹੈ,ਪਰ ਉਸ ਨੇ ਪਾਣੀ ਵਿੱਚ ਤਰਨਾ ਨਹੀਂ ਸਿਖਿਆ। ਪੱਥਰ ਨੂੰ ਭਾਵੇਂ ਕਿੰਨੇ ਹੀ ਤੀਰਥ ਅਸਥਾਨਾਂ ਉੱਤੇ, ਕਿੰਨਾ ਹੀ ਇਸ਼ਨਾਨ ਕਰਵਾਉਂਦੇ ਫਿਰੋ, ਉਸ ਉਤੇ ਕੋਈ ਅਸਰ ਨਹੀਂ ਹੁੰਦਾ, ਉਹ ਤਰ ਨਹੀਂ ਸਕਦਾ।

ਸੋ ਕੈਸੀਆਂ ਅਜੀਬ ਹਾਲਤਾਂ ਹਨ। ਅਸਚਰਜ ਹੀ ਅਸਚਰਜ਼ ਹੈ। ਮਨ-ਮੁੱਖ ਬੰਦੇ ਵੀ ਇਸੇ ਤਰ੍ਹਾਂ ਆਪਣੇ ਅੰਦਰ ਵੱਸ ਰਹੇ ਵਾਹਿਗੁਰੂ ਦੀ ਸਾਰ ਨਹੀਂ ਜਾਣ ਸਕਦੇ। ਆਪਣੇ ਸਰੀਰ ਅੰਦਰ ਵਸਦੇ ਵਾਹਿਗੁਰੂ ਨੂੰ ਗੁਰਮੁਖਿ ਜਨ ਪਾ ਲੈਂਦੇ ਹਨ। ਗੁਰਮੁਖਿ ਨੂੰ ਸੋਝੀ ਹੋ ਜਾਂਦੀ ਹੈ ਕਿ ਮੇਰਾ ਸਰੀਰ ਪ੍ਰਭੂ ਦਾ ਨਗਰ ਹੈ। ਸਰੀਰ ਸਰੋਵਰ ਵਿੱਚੋਂ ਜਦੋਂ ਨਾਮ ਪ੍ਰਗਟ ਹੋ ਗਿਆ ਘਰ ਵਿਚੋਂ ਹੀ ਹਰਿ-ਪ੍ਰਭੂ ਨੂੰ ਪਾ ਲਿਆ। ਜੋ ਮਨਮੁਖਿ ਰਹਿੰਦੇ ਹਨ। ਗੁਰੂ ਦੀ ਮਤਿ ਗ੍ਰਹਿਣ ਨਹੀਂ ਕਰਦੇ ਮੂਰਖ ਹਨ। ਜੰਗਲਾਂ ਵਿੱਚ ਭਟਕਣ ਵਾਂਗ ਦੁਨੀਆਂ ਦੇ ਝੰਝਟਾਂ ਵਿੱਚ ਫਸੇ ਪਏ ਹਨ। ਚਾਹੀਦਾ ਤਾਂ ਇਹ ਹੈ ਕਿ ਗੁਰੂ ਦਾ ਲੜ ਫੜ ਕੇ, ਗੁਰੂ ਦੇ ਦੱਸੇ ਰਾਹ ਤੇ ਜੀਵਨ ਨੂੰ ਢਾਲ ਕੇ ਸਰੀਰ ਵਿਚੋਂ ਹੀ ਵਾਹਿਗੁਰੂ ਜੀ ਨੂੰ ਭਾਲ ਕੇ ਨਾਮ ਰਸ ਦਾ ਰੰਗ ਮਾਣੀਏ ਅਤੇ ਆਪਣਾ ਜੀਵਨ ਸਫਲ ਕਰੀਏ, ਸੰਸਾਰ ਤੋਂ ਖਾਲੀ ਹੱਥ ਹੀ ਨਾ ਚਲਦੇ ਬਣੀਏ ।

ਕਾਇਆ ਨਗਰਿ ਨਗਰਿ ਹਰਿ ਬਸਿਓ ਮਤਿ ਗੁਰਮਤਿ ਹਰਿ ਹਰਿ ਸਹੇ ॥
ਸਰੀਰਿ ਸਰੋਵਰਿ ਨਾਮੁ ਹਰਿ ਪ੍ਰਗਟਿਓ ਘਰਿ ਮੰਦਰਿ ਹਰਿ ਪ੍ਰਭੁ ਲਹੇ ॥ ਜੋ ਨਰ
ਭਰਮਿ ਭਰਮਿ ਉਦਿਆਨੇ ਤੇ ਸਾਕਤ ਮੂੜ ਮੁਹੇ ॥ ਜਿਉ ਮ੍ਰਿਗ ਨਾਭਿ ਬਸੈ ਬਾਸੁ
ਬਸਨਾ ਭ੍ਰਮਿ ਭ੍ਰਮਿਓ ਝਾਰ ਗਹੇ ॥ (ਅੰਗ:੧੩੩੬)

ਇਸ ਮਨੁੱਖੀ ਸਰੀਰ (ਕਾਇਆਂ) ਅੰਦਰ ਹੀ ਸਭ ਕਾਸੇ ਦਾ ਵਾਸਾ ਹੈ। ਸ੍ਰੀ ਗੁਰੂ

ਅਮਰਦਾਸ ਜੀ ਫੁਰਮਾਣ ਕਰਦੇ ਹਨ ਕਿ ਦੇਸ਼, ਵਿਦੇਸ਼, ਆਕਾਸ਼, ਪਾਤਾਲ ਆਦਿ ਸਭ ਕੁਝ ਆਪਣੇ ਅੰਦਰ ਹੀ ਵੇਖਿਆ ਜਾ ਸਕਦਾ ਹੈ ਅਤੇ ਜੱਗ ਨੂੰ ਜੀਵਨ ਦੇਣ ਵਾਲਾ ਜੱਗ-ਜੀਵਨ ਦਾਤਾ ਸਾਡੇ ਅੰਦਰ ਹੀ ਵਸਦਾ ਹੈ ਜੋ ਸਾਡੀ ਪ੍ਰਿਤਪਾਲਨਾ ਕਰਦਾ ਹੈ। ਉਸ ਜੀਵਨ ਦੇਣ ਵਾਲੇ ਦਾਤੇ ਦਾ ਨਾਮ ਜਪ ਕੇ ਸਾਡੀ ਜੀਵ ਆਤਮਾ ਸਦਾ ਸੁਹੇਲੀ ਰਹਿੰਦੀ ਹੈ । ਉਸ ਦਾਤੇ ਨਾਲ ਸਾਂਝ ਪਾਈਏ । ਅਪਣੇ ਬਾਪੂ ਨੂੰ ਯਾਦ ਕਰੀਏ। ਯਾਦ ਹੀ ਇਕ ਵਸੀਲਾ ਹੈ ਉਸ ਪ੍ਰਭੂ ਨਾਲ ਸਾਂਝ ਪਾਉਣ ਦਾ ਅਤੇ ਜੀਵਨ ਨੂੰ ਸੁੱਖੀ ਤੇ ਸਫ਼ਲਾ ਕਰਨ ਦਾ ।

ਕਾਇਆ ਅੰਦਰਿ ਸਭੁ ਕਿਛੁ ਵਸੈ ਖੰਡ ਮੰਡਲ ਪਾਤਾਲਾ ॥
ਕਾਇਆ ਅੰਦਰਿ ਜਗਜੀਵਨ ਦਾਤਾ ਵਸੈ ਸਭਨਾ ਕਰੇ ਪ੍ਰਤਿਪਾਲਾ॥
ਕਾਇਆ ਕਾਮਣਿ ਸਦਾ ਸੁਹੇਲੀ ਗੁਰਮੁਖਿ ਨਾਮੁ ਸਮ੍ਾਲਾ ॥੨॥

ਗੁਰਬਾਣੀ ਦਾ ਹੋਰ ਫੁਰਮਾਣ ਹੈ ਕਿ ਕਾਇਆਂ ਅੰਦਰ ਹੀ ਰਤਨ ਪਦਾਰਥਾਂ ਦਾ ਭੰਡਾਰ ਹੈ ਜੋ ਭਗਤੀ ਕਰਕੇ ਪ੍ਰਾਪਤ ਹੁੰਦਾ ਹੈ। ਗੁਰੂ ਦੇ ਸ਼ਬਦ ਦੀ ਵੀਚਾਰ ਦੁਆਰਾ ਨਾਮ ਪਾਇਆ ਜਾਂਦਾ ਹੈ, ਜੋ ਸਾਰੇ ਖਜ਼ਾਨਿਆਂ ਦਾ ਮਾਲਕ ਹੈ। ਇਸ ਲਈ ਗੁਰਮੁਖਿ ਲੋਕ ਆਪਣੇ ਸਰੀਰ ਦੀ ਖੋਜ ਕਰਦੇ ਹਨ। ਸਰੀਰ ਤੋਂ ਬਾਹਰੀ ਖੋਜ ਇਕ ਭਰਮ ਹੈ, ਕੁੱਝ ਪੱਲੇ ਨਹੀਂ ਪੈਂਦਾ ਅਤੇ ਵਿਨਾਸ਼ਕਾਰੀ ਹੈ :-

ਕਾਇਆ ਅੰਦਰਿ ਰਤਨ ਪਦਾਰਥ ਭਗਤਿ ਭਰੇ ਭੰਡਾਰਾ ॥
ਇਸੁ ਕਾਇਆ ਅੰਦਰਿ ਨਉਖੰਡ ਪ੍ਰਿਥਮੀ ਹਾਟ ਪਟਣ ਬਾਜਾਰਾ ॥ (ਅੰਗ : ੭੫੪)

ਭਗਤ ਪੀਪਾ ਜੀ ਤਾਂ ਇਥੋਂ ਤੱਕ ਆਖਦੇ ਹਨ ਕਿ ਸਾਰਾ ਬ੍ਰਹਮੰਡ ਹੀ ਸਾਡੀ ਕਾਇਆਂ ਵਿੱਚ ਮੌਜੂਦ ਹੈ :-

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥
ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ ॥ (ਅੰਗ-੬੯੫)

ਖੋਜਣ ਨਾਲ, ਸਤਿਗੁਰੁ ਜੀ ਦੀ ਕ੍ਰਿਪਾ ਕਰਨ ਨਾਲ ਅਸੀਂ ਸਭ ਕੁਝ ਨੂੰ ਅੰਦਰੋਂ ਹੀ ਪਾ ਸਕਦੇ ਹਾਂ।

ਜਿਵੇਂ ਖੇਤਾਂ ਵਿੱਚ ਫਸਲ ਵਿਚੋਂ ਖੋਦ ਖੋਦ ਕੇ ਫ਼ਜ਼ੂਲ ਘਾਹ ਆਦਿ ਨੂੰ ਬਾਹਰ ਕੱਢਿਆ ਜਾਂਦਾ ਹੈ ਅਤੇ ਅਸਲੀ ਬੂਟਿਆਂ ਤੋਂ ਲਾਭ ਉਠਾਇਆ ਜਾਂਦਾ ਹੈ, ਇਸੇ ਤਰ੍ਹਾਂ ਗੁਰੂ ਸਿਖਿਆ ਦੁਆਰਾ ਗੁਰਮੁਖ ਬਣ ਕੇ ਵਿਸ਼ੇ ਵਿਕਾਰਾਂ ਤੋਂ ਮੁਕਤ ਹੋ ਕੇ ਕਾਇਆਂ ਨੂੰ ਖੋਜ ਖੋਜ ਕੇ ਇਸ ਵਿਚੋਂ ਲੁੱਕੇ ਹੋਏ ਰਤਨ ਪਦਾਰਥਾਂ ਨੂੰ ਲੱਭਿਆ ਜਾ ਸਕਦਾ ਹੈ। ਧਰਮ ਕੋਈ ਬਾਹਰੀ ਵਸਤੂ ਨਹੀਂ ਸਾਰੇ ਧਰਮਾਂ ਦਾ ਨਿਚੋੜ ਇਹ ਹੈ ਕਿ ਉਸ ਵਾਹਿਗੁਰੂ ਪਰੀਪੂਰਨ ਪ੍ਰਮਾਤਮਾ ਦੀ ਅੰਸ਼ ਜੋਤ ਸਰੂਪ ਸਾਡੀ ਕਾਇਆ ਅੰਦਰ ਬਿਰਾਜਮਾਨ ਹੈ । ਜਿਸ ਨੂੰ ਪਛਾਨਣ ਦੀ ਲੋੜ ਹੈ। ਗੁਰ

ਫੁਰਮਾਣ ਹੈ :–

ਇਹੁ ਸਰੀਰੁ ਸਭੁ ਧਰਮੁ ਹੈ ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ ॥
ਗੁਹਜ ਰਤਨ ਵਿਚਿ ਲੁਕਿ ਰਹੇ ਕੋਈ ਗੁਰਮੁਖਿ ਸੇਵਕੁ ਕਢੈ ਖੋਤਿ ॥ (ਅੰਗ-੩੦੯)

ਇਸ ਗੱਲ ਨੂੰ ਭਾਈ ਗੁਰਦਾਸ ਜੀ ਸਪਸ਼ਟ ਕਰਦੇ ਹੋਏ ਸਰੀਰ ਵਿੱਚੋ ਸਾਰੇ ਖਜ਼ਾਨਿਆਂ ਦੇ ਪਾਉਣ ਲਈ ਆਪਣੀ ਵਾਰ ਚੌਤੀਵੀਂ ਪਉੜੀ ਨੌਵੀਂ ਵਿੱਚ ਕਈ ਉਦਾਹਰਣਾਂ ਦੇ ਕੇ ਸਾਨੂੰ ਸਮਝਾਂਦੇ ਹਨ ਕਿ ਸਤਿਗੁਰੂ ਦੇ ਸ਼ਬਦ ਨਾਲ ਜੁੜ ਕੇ ਇਨ੍ਹਾਂ ਖਜ਼ਾਨਿਆਂ ਨੂੰ ਪਾਇਆ ਜਾ ਸਕਦਾ ਹੈ :–

ਅੰਨ੍ਹੈ ਚੰਦੁ ਨ ਦਿਸਈ ਜਗਿ ਜੋਤਿ ਸਬਾਈ । ਬੋਲਾ ਰਾਗੁ ਨ ਸਮਝਈ ਕਿਹੁ ਘਟਿ ਨ ਜਾਹੀ । ਵਾਸੁ ਨ ਆਵੈ ਗੁਣਗੁਣੈ ਪਰਮਲੁ ਮਹਿਕਾਈ । ਗੁੰਗੈ ਜੀਵ ਨ ਉਘੜੈ ਸਭਿ ਸਬਦਿ ਸੁਹਾਈ । ਸਤਿਗੁਰ ਸਾਗਰੁ ਸੇਵਿ ਕੈ ਨਿਧਿ ਸਭਨਾਂ ਪਾਈ । ਬੇਮੁਖ ਹੱਥ ਘਘੁਟਿਆਂ ਤਿਸੁ ਦੋਸਿ ਕਮਾਈ । (ਵਾਰ ਭਾਈ ਗੁਰਦਾਸ ਜੀ)

ਸਾਰੇ ਸੰਸਾਰ ਨੂੰ ਚੰਦ ਦੀ ਜੋਤ ਨਾਲ ਚਾਨਣ ਹੋ ਰਿਹਾ ਹੈ, ਪਰ ਅੰਨੇ ਨੂੰ ਚੰਨ ਨਜ਼ਰੀਂ ਨਹੀਂ ਆਉਂਦਾ, ਜੋ ਆਦਮੀ ਬੋਲਾ ਹੈ, ਉਸ ਨੂੰ ਸੁਣਾਈ ਨਹੀਂ ਦਿੰਦਾ, ਉਸ ਨੇ ਰਾਗ ਦਾ ਕੀ ਅਨੰਦ ਲੈਣਾ ਹੋਇਆ। ਗੁਣਗੁਣੇ ਬੰਦੇ ਨੂੰ ਵਾਸ਼ਨਾ ਨਹੀਂ ਆਉਂਦੀ, ਭਾਵੇ ਕਿੰਨੀ ਹੀ ਪਰਮਲ ਦੀ ਵਾਸ ਕੋਲੋਂ ਆਉਂਦੀ ਹੋਵੇ, ਗੁੰਗੇ ਨੂੰ ਬੋਲਣ ਦਾ ਕੀ ਸੁਆਦ। ਸਤਿਗੁਰ ਸਰੋਵਰ ਨੂੰ ਸਿਮਰ ਕੇ, ਗੁਰੂ ਦੀ ਸੇਵਾ ਕਰਕੇ ਗੁਰਮੁਖ ਜਨ ਬੇਅੰਤ ਖਜ਼ਾਨੇ ਪਾ ਲੈਂਦੇ ਹਨ ਪਰ ਬੇਮੁਖ ਜੋ ਅੰਨੇ ਭਾਵ ਅਗਿਆਨੀ, ਗੁਰਬਾਣੀ ਦਾ ਗਿਆਨ ਪ੍ਰਾਪਤ ਨਹੀਂ ਕਰਦੇ। ਬੋਲੇ ਹਨ, ਭਾਵ ਗੁਰੂ ਦੀ, ਗੁਰਬਾਣੀ ਦੀ ਗਿਆਨ ਦੀ ਗੱਲ ਨਹੀਂ ਸੁਣਦੇ ਅਤੇ ਜੋ ਗੁੰਗੇ, ਭਾਵ ਅਪਣੇ ਮੁਖੋਂ ਗੁਰੂ ਦੀ ਬਾਣੀ ਨਹੀਂ ਗਾਉਂਦੇ ਆਪਣਾ ਜੀਵਨ ਬੇਅਰਥ ਗੰਵਾ ਲੈਂਦੇ ਹਨ।

ਜੋ ਸਾਡੀ ਦੇਹੀ ਅੰਦਰ ਪੰਜ ਚੋਰ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਸ ਰਹੇ ਹਨ ਇਹ ਪੰਜੇ ਵਿਕਾਰ ਸਾਡੇ ਖਜ਼ਾਨੇ ਨੂੰ ਲੁੱਟੀ ਜਾ ਰਹੇ ਹਨ, ਸਾਨੂੰ ਆਪਣੇ ਸਰੀਰ ਦੀ ਖੋਜ ਨਹੀਂ ਕਰਨ ਦਿੰਦੇ। ਬਾਹਰ ਦੀ ਭਟਕਣਾ ਵਿੱਚ ਹੀ ਭਟਕਾਈ ਰੱਖਦੇ ਹਨ। ਨਾਮ ਰਸ, ਅੰਮ੍ਰਿਤ ਦੇ ਸਰੋਵਰ ਨੂੰ ਲੁੱਟੀ ਜਾਂਦੇ ਹਨ :–

ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥
ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ ॥ (ਅੰਗ : ੬੦੦)

ਮਨਮੁਖ ਨੂੰ ਪਤਾ ਹੀ ਨਹੀਂ ਲਗਦਾ ਕਿ ਉਹ ਲੁੱਟਿਆ ਜਾ ਰਿਹਾ ਹੈ ਕਿਉਂਜੁ ਇਹ ਪੰਜੇ ਚੋਰ ਮਨੁੱਖ ਦਾ ਗੁਰੂ ਤੇ ਵਾਹਿਗੁਰੂ ਵੱਲੋਂ ਮੂੰਹ ਮੋੜੀਂ ਰੱਖਦੇ ਹਨ। ਗੁਰ ਸ਼ਬਦ ਦੀ ਸੋਝੀ ਅਤੇ ਕਮਾਈ ਨਹੀਂ ਕਰਨ ਦਿੰਦੇ, ਅੰਮ੍ਰਿਤ ਕਿਥੋਂ ਝਰਨਾ ਹੋਇਆ ?

ਗੁਰਮੁਖ ਹੋ ਕੇ ਮਨੁੱਖ ਆਪਣੇ ਮਨ ਨੂੰ ਸਮਝਾਉਂਦਾ ਹੈ ਕਿ ਐ ਮੇਰੇ ਮਨ ਤੇਰੀ ਦੇਹੀ ਵਿੱਚ ਬੜੇ ਖਜ਼ਾਨੇ ਹਨ। ਤੂੰ ਐਵੇਂ ਤੱਤ ਵਸਤੂ (ਵਹਿਗੁਰੂ) ਨੂੰ ਬਾਹਿਰ ਭਾਲਦਾ ਫਿਰਦਾ ਹੈਂ। ਪਦਾਰਥਾਂ ਵਿਚੋਂ ਭਾਲਣ ਦੀ ਥਾਂ ਤੇ ਆਪਣੀ ਆਤਮਾ ਦੀ ਖੋਜ ਕਰ। ਜੋ ਵੀ ਤੇਰੀ ਇੱਛਾ ਹੋਵੇਗੀ ਤੈਨੂੰ ਅੰਦਰੋਂ ਹੀ ਮਿਲੇਗਾ :-

ਮਨ ਮੇਰਿਆ ਅੰਤਰਿ ਤੇਰੈ ਨਿਧਾਨੁ ਹੈ ਬਾਹਰਿ ਵਸਤੁ ਨ ਭਾਲਿ ॥
ਜੋ ਭਾਵੈ ਸੋ ਭੁੰਚਿ ਤੂ ਗੁਰਮੁਖਿ ਨਦਰਿ ਨਿਹਾਲਿ ॥ (ਅੰਗ-੫੫੯)

ਉਪਰੋਕਤ ਗੁਰਬਾਣੀ ਬਚਨਾਂ ਤੋਂ ਸਿੱਧ ਹੁੰਦਾ ਹੈ ਕਿ ਜਗਿਆਸੂ ਲਈ ਅਨੰਦ (ਸ਼ਾਂਤੀ) ਪ੍ਰਾਪਤ ਕਰਨ ਲਈ ਤ੍ਰਿਸ਼ਨਾਵਾਂ ਦੀ ਪੂਰਤੀ ਲਈ, ਸੁੱਖ ਪ੍ਰਾਪਤ ਕਰਨ ਲਈ ਸਭ ਤੋਂ ਵਧੀਆ ਢੰਗ ਜੋ ਹੈ, ਉਹ ਆਪਣੇ ਸਰੀਰ ਦੀ ਖੋਜ ਹੀ ਹੈ । ਗੁਰਮੁੱਖ ਉਹ ਹੈ ਜੋ ਕੇਵਲ ਕਾਇਆਂ ਨੂੰ ਖੋਜਦਾ ਹੈ, ਹੋਰ ਸਭ ਭਰਮ ਭੁਲੇਖੇ ਹਨ।

ਕਾਇਆਂ ਖੋਜਦੇ ਖੋਜਦੇ, ਅੰਦਰ ਹੀ ਸਾਨੂੰ ਅਨੇਕਾਂ ਤਰ੍ਹਾਂ ਦੇ ਸਾਜ਼ਾਂ, ਬਾਜਿਆਂ ਦੀਆਂ ਸੁਰਾਂ ਸੁਣਦੀਆਂ ਹਨ ਅਤੇ ਅਨੇਕਾਂ ਹੀ ਤਰ੍ਹਾਂ ਦੀਆਂ ਮਨ-ਮੋਹਣੀਆਂ ਜੋਤਾਂ ਦੇ ਗੁਰੂ ਕ੍ਰਿਪਾ ਦੁਆਰਾ ਦਰਸ਼ਨ ਹੁੰਦੇ ਹਨ। ਰਤਨਾਂ ਦੇ ਭਰੇ ਹੋਏ ਭੰਡਾਰ ਮਿਲਣਗੇ, ਬਿਜਲੀਆਂ ਦੀਆਂ ਲਿਸ਼ਕਾਰਾਂ ਝਿਲਮਿਲ-ਝਿਲਮਿਲ ਕਰਦੀਆਂ ਹੋਈਆਂ ਨਜ਼ਰੀਂ ਆਉਣਗੀਆਂ। ਭਗਤ ਨਾਮਦੇਵ ਜੀ ਫੁਰਮਾਉਂਦੇ ਹਨ ਕਿ ਇਹ ਨਾ ਸਮਝਣਾ ਕਿ ਇਹ ਖਜ਼ਾਨਾ ਕਿਤੇ ਦੂਰ ਹੈ, ਦੂਰ ਨਹੀਂ ਨੇੜੇ ਹੀ ਹੈ। ਤੁਹਾਡੀ ਆਪਣੀ ਆਤਮਾ ਵਿੱਚ ਹੀ ਭਰਪੂਰ ਹੈ। ਜਿਥੇ ਸੂਰਜਾਂ ਦੀ ਰੋਸ਼ਨੀ ਅਖੰਡ ਹੈ :-

ਜਹ ਝਿਲਿ ਮਿਲਿ ਕਾਰੁ ਦਿਸੰਤਾ ॥ ਤਹ ਅਨਹਦ ਸਬਦ ਬਜੰਤਾ ॥ ਜੋਤੀ ਜੋਤਿ ਸਮਾਨੀ ॥ ਮੈ ਗੁਰ ਪਰਸਾਦੀ ਜਾਨੀ ॥੨॥ ਰਤਨ ਕਮਲ ਕੋਠਰੀ ॥ ਚਮਕਾਰ ਬੀਜੁਲ ਤਹੀ ॥ ਨੇਰੈ ਨਾਹੀ ਦੂਰਿ॥ ਨਿਜ ਆਤਮੈ ਰਹਿਆ ਭਰਪੂਰਿ ॥੩॥ ਜਹ ਅਨਹਤ ਸੂਰ ਉਜ੍ਯਾਰਾ॥ ਤਹ ਦੀਪਕ ਜਲੈ ਛੰਛਾਰਾ ॥ ਗੁਰ ਪਰਸਾਦੀ ਜਾਨਿਆ ॥ ਜਨੁ ਨਾਮਾ ਸਹਜ ਸਮਾਨਿਆ ॥੪॥੧॥ (ਸੋਰਠਿ ਨਾਮਦੇਵ, ਅੰਗ-੬੫੭)

ਇਸੇ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਨੂੰ ਮਿਰਗ ਵਾਗੂੰ ਆਪਣੇ ਸਰੀਰ ਦੇ ਖਜ਼ਾਨਿਆ ਤੋਂ ਅਵੇਸਲੇ ਨਾ ਹੋਣ ਲਈ ਉਪਦੇਸ਼ ਦਿੰਦੇ ਹਨ। ਜੋ ਵੀ ਸਾਡੀ ਲਾਲਸਾ ਹੈ ਉਹ ਬਾਹਰੀ ਦੁਨੀਆਂ ਵਿਚੋਂ ਪੂਰੀ ਨਹੀਂ ਹੋਣੀ, ਉਹ ਤਾਂ ਗੁਰੂ ਕ੍ਰਿਪਾ ਦੁਆਰਾ ਆਪਣੇ ਸਰੀਰ ਦੇ ਅੰਦਰੋਂ ਹੀ ਪ੍ਰਾਪਤ ਹੋਣੀ ਹੈ। ਇਸ ਤਰ੍ਹਾਂ :-

ਬਾਹਰਿ ਢੂਢਨ ਤੇ ਛੂਟਿ ਪਰੇ ਗੁਰਿ ਘਰ ਹੀ ਮਾਹਿ ਦਿਖਾਇਆ ਥਾ॥ (ਅੰਗ-੧੦੦੨)

-o-o-o-

## ਗੁਰਬਾਣੀ ਚਾਨਣੁ ਸੰਸਥਾ ਵਿਖੇ ਚੱਲ ਰਹੇ ਪ੍ਰੋਗਰਾਮਾਂ ਦਾ ਵੇਰਵਾ

੧. ਸੰਸਥਾ ਵਿੱਚ ਹਰ ਬੁੱਧਵਾਰ ੧੦.੩੦ ਤੋਂ ੧੨.੩੦ ਵਜੇ ਤੱਕ ਗੁਰਬਾਣੀ ਗੁਰ-ਸ਼ਬਦ ਦੀ ਵਿਚਾਰ ਕੀਤੀ ਜਾਂਦੀ ਹੈ। ਜਿਸ ਵਿੱਚ ਚੌਣਵੀਆਂ ਬਾਣੀਆਂ ਦੀ ਅਰਥਾਂ ਸਹਿਤ ਵਿਆਖਿਆ ਕੁਝ ਵਿਦਵਾਨਾਂ ਵੱਲੋਂ ਕੀਤੀ ਜਾਂਦੀ ਹੈ।

੨. ਹਰੇਕ ਸ਼ਨੀਵਾਰ ਨੂੰ ੧੦.੦੦ ਤੋਂ ੧੨.੦੦ ਵਜੇ ਤੱਕ ਸੰਸਥਾ ਦੇ ਜੱਥੇ ਅਤੇ ਹੋਰ ਕੀਰਤਨੀਆ ਵਲੋਂ ਸੰਸਥਾ ਵਿੱਚ ਪੁੱਜ ਕੇ ਕੀਰਤਨ ਦੁਆਰਾ ਸੰਗਤ ਕੀਤਾ ਜਾਂਦਾ ਹੈ।

੩. ਮਹੀਨੇ ਦੇ ਦੂਜੇ ਸ਼ਨੀਵਾਰ ਨੂੰ ਸੰਸਥਾ ਦੇ ਵਿੱਚ ੧੦.੦੦ ਤੋਂ ੦੧.੦੦ ਵਜੇ ਤੱਕ ਵਿਸ਼ੇਸ਼ ਦੀਵਾਨ ਸਜਦੇ ਹਨ। ਜਿਨ੍ਹਾਂ ਵਿੱਚ ਵੱਖੋਂ-ਵੱਖ ਕੀਰਤੀਨੇ ਜੱਥੇ ਅਤੇ ਗੁਰਮਤਿ ਵਿਚਾਰਾਂ ਕਰਨ ਵਾਲੇ ਸੱਜਣ ਸ਼ਾਮਲ ਹੁੰਦੇ ਹਨ। ਸਮਾਪਤੀ ਤੇ ਗੁਰੂ ਕਾ ਲੰਗਰ ਅਟੁੱਟ ਵਰਤਦਾ ਹੈ।

੪. ਮਹੀਨੇ ਦੇ ਤੀਜੇ ਸ਼ਨੀਵਾਰ ੧੦.੦੦ ਤੋਂ ੧੨.੩੦ ਵਜੇ ਤੱਕ ਸੁਖਮਨੀ ਸਾਹਿਬ ਦਾ ਪਾਠ ਅਤੇ ਕੀਰਤਨ ਦੀ ਸੇਵਾ ਨਿਭਾਈ ਜਾਂਦੀ ਹੈ।

ਇਨ੍ਹਾਂ ਪ੍ਰੋਗਰਾਮਾਂ ਵਿੱਚ ਸ਼ਾਮਲ ਹੋਣ ਲਈ ਆਪ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ।

## ਪਾਠਕਾਂ ਪ੍ਰਤੀ ਬੇਨਤੀ

ਸੰਸਥਾ 'ਗੁਰਬਾਣੀ ਇਸੁ ਜਗ ਮਹਿ ਚਾਨਣੁ' ਵਲੋਂ ਪਿਛਲੇ ੪੨ ਸਾਲਾਂ ਤੋਂ ਪਰਚਾ 'ਗੁਰਬਾਣੀ ਚਾਨਣੁ' ਪੰਜਾਬੀ ਵਿੱਚ ਛਾਪ ਕੇ ਹਰ ਮਹੀਨੇ ਸੰਗਤਾਂ ਪਾਸ ਪਹੁੰਚਾਇਆ ਜਾਂਦਾ ਹੈ।

ਇਹ 'ਗੁਰੂ ਸ਼ਬਦ ਦੇ ਲੰਗਰ' ਦੇ ਆਧਾਰ ਤੇ ਸੰਗਤਾਂ ਦੀ ਸੇਵਾ ਵਿੱਚ ਪੇਸ਼ ਕੀਤਾ ਜਾਂਦਾ ਹੈ। ਪਾਠਕ ਜਨ ਜਾਣਦੇ ਹਨ ਕਿ ਇਹ ਨਿਰੋਲ ਗੁਰਬਾਣੀ ਦਾ ਪਰਚਾ ਹੈ।

ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ ਨੂੰ ਸੰਸਾਰ ਦੇ ਘਰ ਘਰ ਪਹੁੰਚਾਉਣਾ, ਸਾਡਾ ਸਾਰੇ ਗੁਰਸਿੱਖਾਂ ਦਾ ਫਰਜ਼ ਹੈ। "ਆਪ ਜਪਹੁ ਅਵਰਹ ਨਾਮੁ ਜਪਾਵਹੁ" ਦੇ ਗੁਰ-ਉਪਦੇਸ਼ ਤੇ ਅਮਲ ਕਰਦੇ ਹੋਏ ਇਹ ਮਾਸਿਕ ਪੱਤ੍ਰਿਕਾ ਪਿਛਲੇ ਲੰਮੇ ਅਰਸੇ ਤੋਂ ਪ੍ਰਬੰਧਕ ਆਪ ਪਾਸ ਪੁੱਜਦਾ ਕਰਦੇ ਆ ਰਹੇ ਹਨ।

ਪਿਛਲੇ ਕੁਝ ਸਮੇਂ ਵਿੱਚ ਕਾਗਜ ਦੀਆਂ ਕੀਮਤਾਂ ਅਤੇ ਛਪਾਈ ਦੇ ਖਰਚੇ ਵਿੱਚ ਭਾਰੀ ਵਾਧਾ ਹੋਇਆ ਹੈ ਸੋ ਪਾਠਕ ਜਨਾਂ ਨੂੰ ਬੇਨਤੀ ਹੈ ਕਿ ਅਜੇਹੇ ਕਾਰਜ ਨੂੰ ਨਿਰੰਤਰ ਚਾਲੂ ਰੱਖਣ ਲਈ ਤਨ, ਮਨ, ਧਨ ਤੋਂ ਸਹਿਯੋਗ ਦੇਈਏ ਜੀ। ਹਰ ਮਹੀਨੇ ਨਹੀਂ ਤਾਂ ਘੱਟੋ ਘੱਟ ਦੂਜੇ-ਤੀਜੇ ਮਹੀਨੇ ਕੁਝ ਨਾ ਕੁਝ ਅਪਣੇ ਦਸਵੰਧ ਵਿਚੋਂ ਯੋਗ ਰਾਸ਼ੀ ਕੱਢ ਕੇ ਇਸ ਗੁਰੂ-ਕਾਰਜ ਵਿੱਚ ਭੇਜੀਏ।

ਪਰਚਾ ਨਾ ਮਿਲਣ ਦੀ ਸੂਰਤ ਵਿੱਚ ਸੰਸਥਾ ਨਾਲ ਸੰਪਰਕ ਕੀਤਾ ਜਾਵੇ।

ਜੇਕਰ ਆਪ ਜੀ ਦਾ ਐਡਰੈਸ ਬਦਲ ਜਾਵੇ ਤਾਂ ਵੀ ਸੰਸਥਾ ਨੂੰ ਸੂਚਿਤ ਕੀਤਾ ਜਾਵੇ।

ਜਿਨ੍ਹਾਂ ਪਾਠਕਾਂ ਪਾਸ ਲੰਮੇ ਸਮੇਂ ਤੋਂ ਗੁਰਬਾਣੀ ਚਾਨਣੁ ਪਰਚਾ ਪਹੁੰਚ ਰਿਹਾ ਹੈ ਉਨ੍ਹਾਂ ਨੂੰ ਬੇਨਤੀ ਹੈ ਕਿ ਉਹ ਦਸਵੰਧ ਵਿਚੋਂ ਗੁਰਬਾਣੀ ਦੇ ਪ੍ਰਚਾਰ ਲਈ ਜ਼ਰੂਰ ਕੁਝ ਸੇਵਾ ਸੰਸਥਾ ਨੂੰ ਭੇਜਣ ਦੀ ਕ੍ਰਿਪਾਲਤਾ ਕਰਨੀ ਜੀ। -ਧੰਨਵਾਦ ਸਹਿਤ, ਸੰਪਾਦਕ

# ਸ਼ਹੀਦ ਭਾਈ ਰਾਮ ਸਿੰਘ ਜੀ ਚੌਰ ਬਰਦਾਰ ਗੁਰੂ ਗੋਬਿੰਦ ਸਿੰਘ ਸਾਹਿਬ ਜੀ।

-ਡਾ.ਗੁਰਬਚਨ ਸਿੰਘ, ਮੋ : 98781-49511

ਛੇਵੇਂ ਪਾਤਸ਼ਾਹ ਮੀਰੀ ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੁਗ਼ਲ ਬਾਦਸ਼ਾਹ ਸ਼ਾਹਜਹਾਨ ਨਾਲ ਚਾਰ ਜੰਗ ਕੀਤੇ ਅਤੇ ਸਾਰਿਆਂ ਵਿੱਚ ਫਤਿਹ ਹਾਸਲ ਕਰਕੇ ਜ਼ਾਲਮਾਂ ਦਾ ਨਾਸ ਕੀਤਾ। ਚੌਥੀ ਜੰਗ ਸ੍ਰੀ ਕਰਤਾਰਪੁਰ ਸਾਹਿਬ (ਜਲੰਧਰ) ਵਿੱਚ ਸੰਨ ੧੬੩੪ ਈ. ਨੂੰ ਲੜੀ ਗਈ। ਇਸ ਜੰਗ ਤੋਂ ਬਾਅਦ ਗੁਰੂ ਹਰਿਗੋਬਿੰਦ ਸਾਹਿਬ ਸ੍ਰੀ ਕੀਰਤਪੁਰ ਸਾਹਿਬ ਆ ਗਏ। ਇਸ ਪਵਿੱਤਰ ਅਸਥਾਨ ਤੇ ਪਾਤਸ਼ਾਹ ਤਕਰੀਬਨ ੧੦ ਸਾਲ ਤਕ ਨਿਵਾਸ ਕਰਕੇ ਸੰਗਤਾਂ ਨੂੰ ਨਿਵਾਜਦੇ ਰਹੇ। ਸ੍ਰੀ ਕੀਰਤਪੁਰ ਸਾਹਿਬ ਰਹਿੰਦੇ ਹੋਏ ਗੁਰੂ ਜੀ ਆਲੇ ਦੁਆਲੇ ਇਲਾਕੇ ਜਿਵੇਂ ਕੁਰੂਕਸ਼ੇਤਰ, ਕੁਰਾਲੀ, ਕੋਟਲਾ ਨਿਹੰਗ ਖਾਨ (ਭੱਠਾ ਸਾਹਿਬ) ਰੋਪੜ ਆਦਿਕ ਦੀਆਂ ਸੰਗਤਾਂ ਨੂੰ ਉਪਦੇਸ਼ ਬਖਸ਼ਦੇ ਰਹੇ।

ਸੰਨ ੧੬੩੫ ਈ. ਨੂੰ ਗੁਰੂ ਜੀ ਪਿੰਡ ਕੋਟਲਾ ਨਿਹੰਗ ਖਾਨ (ਰੋਪੜ) ਜਿਥੇ ਅੱਜ ਕਲ੍ਹ ਗੁਰਦੁਆਰਾ ਭੱਠਾ ਸਾਹਿਬ ਹੈ ਵਿਖੇ ਦੀਵਾਨ ਵਿੱਚ ਸੁਸ਼ੋਭਿਤ ਹੋ ਕੇ ਦਰਸ਼ਨ ਦੇ ਰਹੇ ਸਨ। ਆਲੇ-ਦੁਆਲੇ ਪਿੰਡਾਂ ਦੀਆਂ ਸੰਗਤਾਂ ਪਹੁੰਚ ਕੇ ਗੁਰੂ ਉਪਦੇਸ਼ ਸੁਣਦੀਆਂ ਸਨ। ਕੋਟਲਾ ਨਿਹੰਗ ਖਾਨ ਦੇ ਪਠਾਣ ਸਮਸ਼ਖਾਨ ਨੇ ਪਾਤਸ਼ਾਹ ਦੀ ਬਹੁਤ ਸੇਵਾ ਕੀਤੀ। ਕੋਟਲਾ ਨਿਹੰਗ ਖਾਨ ਨੇੜਲਾ ਪਿੰਡ ਲਖਮੀਪੁਰ ਜੋ ਕੇ ਅੱਜ ਕਲ੍ਹ ਰੂਪਨਗਰ-ਕੁਰਾਲੀ ਸੜਕ ਤੋਂ ਇੱਕ ਕਿ.ਮੀ. ਦੂਰ ਚੜ੍ਹਦੇ ਪਾਸੇ ਵਲ ਰੇਲਵੇ ਸਟੇਸ਼ਨ ਰੋਪੜ ਤੋਂ ੩ ਕਿ.ਮੀ. ਦੂਰ ਸਥਿੱਤ ਹੈ। ਪਾਤਸ਼ਾਹ ਨੇ ਇੱਕ ਦਿਨ ਇਸ ਪਿੰਡ ਦੇ ਬਾਹਰ ਟੋਭੇ ਦੇ ਲਾਗੇ ਦੀਵਾਨ ਸਜਾਇਆ। ਪਿੰਡ ਲਖਮੀਪੁਰ ਦੇ ਬ੍ਰਾਹਮਣ ਪਰਿਵਾਰ ਦੀ ਮਾਤਾ ਲੱਛਮੀ ਗੁਰੂ ਜੀ ਵਾਸਤੇ ਸ਼ਰਧਾ ਨਾਲ ਖਿਚੜੀ ਬਣਾ ਕੇ ਦਿਵਾਨ ਵਿੱਚ ਪਹੁੰਚੀ। ਗੁਰੂ ਜੀ ਦਾ ਸ਼ਾਹੀ ਠਾਠ ਦੇਖ ਕੇ ਮਾਤਾ ਲੱਛਮੀ ਸੋਚਣ ਲੱਗੇ ਕਿ ਗੁਰੂ ਜੀ ਮੇਰੀ ਗਰੀਬਣੀ ਦੀ ਖਿਚੜੀ ਪਰਵਾਨ ਵੀ ਕਰਨਗੇ ?

ਗੁਰੂ ਜੀ ਨੂੰ ਮੱਥਾ ਟੇਕਣ ਸਮੇਂ ਮਾਤਾ ਜੀ ਨੇ ਖਿਚੜੀ ਵਾਲਾ ਬਰਤਨ ਲੁਕੋ ਲਿਆ। ਪਰ ਅੰਤਰਜਾਮੀ ਪਾਤਸ਼ਾਹ ਨੇ ਮਾਤਾ ਦੀ ਸਰਧਾ ਬੁੱਝ ਕੇ ਕਿਹਾ ਮਾਤਾ ! ਖਿਚੜੀ ਕਿਉਂ ਲੁਕਾਈ ਹੈ ਸਾਨੂੰ ਬਹੁਤ ਭੁੱਖ ਲੱਗੀ ਹੈ ਖਿਚੜੀ ਛਕਾਓ। ਮਾਤਾ ਜੀ ਨੇ ਖਿਚੜੀ ਪਾਤਸ਼ਾਹ ਅੱਗੇ ਰੱਖੀ, ਪਾਤਸ਼ਾਹ ਨੇ ਬੜੇ ਪ੍ਰੇਮ ਨਾਲ ਛਕੀ ਅਤੇ ਮਾਤਾ ਜੀ ਨੂੰ ਸਿੱਖੀ ਦੀ ਦਾਤ ਬਖਸ਼ੀ।

ਇਸ ਤੋਂ ਬਾਅਦ ਮਾਤਾ ਜੀ ਕਈ ਸਾਲ ਗੁਰੂ ਜੀ ਦੇ ਦਰਸ਼ਨ ਲਈ ਕੀਰਤਪੁਰ ਸਾਹਿਬ ਵੀ ਜਾਂਦੀ ਰਹੀ। ਇਸ ਪ੍ਰਕਾਰ ਸਮਾਂ ਬੀਤਦਾ ਗਿਆ ਮਾਤਾ ਜੀ ਬਿਰਧ ਹੋ ਕੇ

ਕੀਰਤਪੁਰ ਸਾਹਿਬ ਜਾਣ ਤੋਂ ਅਸਮਰੱਥ ਹੋ ਗਏ। ਘਰ ਬੈਠਿਆ ਹੀ ਗੁਰੂ ਜੀ ਨੂੰ ਯਾਦ ਕਰਦੇ ਰਹਿੰਦੇ ਸਨ। ਇੱਕ ਦਿਨ ਗੁਰੂ ਜੀ ਫਿਰ ਕੋਟਲਾ ਨਿਹੰਗ ਖਾਨ ਆਏ। ਮਾਤਾ ਜੀ ਨੂੰ ਜਦੋਂ ਪਤਾ ਲੱਗਾ ਕਿ ਗੁਰੂ ਜੀ ਸਾਡੇ ਨੇੜੇ ਹੀ ਆਏ ਹੋਏ ਹਨ ਤਾਂ ਮਾਤਾ ਜੀ ਗੁਰੂ ਦਰਸ਼ਨਾ ਲਈ ਬਿਹਬਲ ਹੋ ਗਏ ਮਨ ਹੀ ਮਨ ਅਰਦਾਸਾਂ ਕਰਨ ਲੱਗੇ ਕਿ ਸੱਚੇ ਪਾਤਸ਼ਾਹ ਮੈਨੂੰ ਨਿਮਾਣੀ-ਨਿਤਾਣੀ ਨੂੰ ਮੇਰੇ ਘਰ ਆ ਕੇ ਹੀ ਦਰਸ਼ਨ ਦਿਓ। ਗੁਰੂ ਜੀ ਮਾਤਾ ਦੀਆਂ ਬੈਰਾਗ ਮਈ ਅਰਦਾਸਾਂ, ਬੇਨਤੀਆਂ ਸੁਣ ਕੇ ਆਪਣੇ ਸਿੱਖ ਭਾਈ ਕੀਰਤੀਏ ਨੂੰ ਨਾਲ ਲੈ ਕੇ ਮਾਤਾ ਜੀ ਦੇ ਘਰ ਪਿੰਡ ਲਖਮੀਪੁਰ ਪਹੁੰਚੇ। ਭਾਈ ਕੀਰਤੀਏ ਨੇ ਘਰ ਦੇ ਬੂਹੇ ਤੇ ਆਵਾਜ਼ ਮਾਰ ਕੇ ਕਿਹਾ ਮਾਤਾ ਜੀ ! ਜਿਨਾਂ ਨੂੰ ਆਪ ਯਾਦ ਕਰ ਰਹੇ ਹੋ ਉਹ ਆ ਪਹੁੰਚੇ ਹਨ। ਮਾਤਾ ਜੀ ਨੇ ਆਵਾਜ਼ ਸੁਣੀ ਅਤੇ ਬਿਰਹੁੰ ਦੀ ਅਵਸਥਾ ਵਿੱਚ ਹੰਝੂ ਕੇਰਦੀ ਹੋਈ ਨੇ ਗੁਰੂ ਚਰਨਾਂ ਵਿੱਚ ਮੱਥਾ ਟੇਕਿਆ। ਗੁਰੂ ਜੀ ਨੂੰ ਸਤਿਕਾਰ ਸਹਿਤ ਮੰਜੇ ਤੇ ਬਿਠਾਇਆ ਅਤੇ ਰੱਜ ਕੇ ਸੇਵਾ ਕੀਤੀ। ਮੀਰੀ ਪੀਰੀ ਦੇ ਪਾਤਸ਼ਾਹ ਸ਼ਾਮ ਤਕ ਮਾਤਾ ਜੀ ਦੇ ਘਰ ਰਹੇ ਅਤੇ ਮਾਤਾ ਜੀ ਨੂੰ ਨਦਰੀ-ਨਦਰ ਨਿਹਾਲ ਕੀਤਾ। ਗੁਰੂ ਜੀ ਨੂੰ ਵਿਦਾਅ ਕਰਨ ਸਮੇਂ ਮਾਤਾ ਜੀ ਨੇ ਆਪਣੇ ਹੱਥੀਂ ਬਣਾਇਆ ਹੋਇਆ ਖੱਦਰ ਦਾ ਰੇਜ਼ਾ (ਛੋਟਾ ਥਾਨ) ਉਪਰ ਪੰਜ ਦਮੜੇ ਰੱਖ ਕੇ ਭੇਟ ਕੀਤਾ।

ਇਸ ਤੋਂ ਲਗ-ਪਗ ੩੫ ਸਾਲਾਂ ਬਾਅਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੋਤਰੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸ੍ਰੀ ਅਨੰਦਪੁਰ ਸਾਹਿਬ ਗੁਰਗੱਦੀ ਤੇ ਬਿਰਾਜਮਾਨ ਹੋਏ। ਦੂਜੇ ਪਾਸੇ ਮਾਤਾ ਲੱਛਮੀ ਦਾ ਪੜਪੋਤਰਾ ਰਾਮਦਾਸ ਸ੍ਰੀ ਅਨੰਦਪੁਰ ਸਾਹਿਬ ਗੁਰੂ ਜੀ ਦੇ ਦਰਸ਼ਨ ਕਰਨ ਗਿਆ। ਮਨ ਵਿੱਚ ਗੁਰੂ ਦੀ ਸਿੱਖੀ ਧਾਰਨ ਦਾ ਚਾਓ ਉਪਜਿਆ ਅਤੇ ਖੰਡੇ ਦੀ ਪਾਹੁਲ ਛਕ ਕੇ ਸਿੰਘ ਸਜ ਗਿਆ ਅਤੇ ਨਾਮ, ਰਾਮ ਸਿੰਘ ਹੋਇਆ। ਭਾਈ ਰਾਮ ਸਿੰਘ ਜੀ ਦਾ ਗੁਰੂ ਘਰ ਨਾਲ ਪਿਆਰ ਤੇ ਸੇਵਾ ਭਾਵਨਾਂ ਨੂੰ ਵੇਖ ਕੇ ਗੁਰੂ ਗੋਬਿੰਦ ਸਿੰਘ ਪਾਤਸਾਹ ਨੇ ਉਨ੍ਹਾਂ ਨੂੰ ਚੌਰ ਬਰਦਾਰ ਹੋਣ ਦੀ ਸੇਵਾ ਬਖਸ਼ੀ। ਇਸ ਪ੍ਰਕਾਰ ਭਾਈ ਰਾਮ ਸਿੰਘ ਜੀ ਗੁਰੂ ਜੀ ਦੇ ਨਿਕਟ ਵਰਤੀ ਸਿੰਘ ਹੋ ਕੇ ਸੇਵਾ ਕਰਦੇ ਰਹੇ ਅਤੇ ਜੰਗਾਂ ਵਿੱਚ ਵੀ ਸ਼ਾਮਲ ਹੁੰਦੇ ਰਹੇ।

ਅਗਸਤ ਸੰਨ ੧੭੦੦ ਈ. ਨੂੰ ਬਾਈ ਧਾਰ ਦੇ ਪਹਾੜੀ ਰਾਜਿਆਂ ਨੇ ਅਨੰਦਪੁਰ ਸਾਹਿਬ ਤੇ ਹਮਲਾ ਕਰ ਦਿੱਤਾ। ਚਾਰ ਦਿਨਾਂ ਤੱਕ ਅਨੰਦਪੁਰ ਸਾਹਿਬ ਦੇ ਚਾਰ ਕਿਲ੍ਹਿਆਂ, ਤਾਰਾ ਗੜ੍ਹ, ਲੋਹਗੜ੍ਹ, ਹੋਲਗੜ੍ਹ ਤੇ ਫਤਿਹਗੜ੍ਹ ਵਿੱਚ ਲੜਾਈ ਵਿੱਚ ਅਸਫਲ ਹੋਣ ਤੋਂ ਬਾਅਦ ਉਨ੍ਹਾਂ ਨੇ ਕਿਲ੍ਹਾ ਅਨੰਦਗੜ੍ਹ ਨੂੰ ਘੇਰਾ ਪਾ ਲਿਆ। ਪਰ ਇੱਥੇ ਵੀ ਗੁਰੂ ਕੇ ਸਿੰਘਾਂ ਨੇ ਦੁਸ਼ਮਣਾਂ ਦੇ ਛੱਕੇ ਛੁਡਾ ਦਿਤੇ। ਪਾਪੀ ਰਾਜਿਆਂ ਨੇ ਸਲਾਹ ਕਰਕੇ ਗੁਰੂ ਜੀ ਨੂੰ ਬੇਨਤੀ ਕੀਤੀ ਤੁਸੀਂ ਥੋੜੇ ਸਮੇਂ ਵਾਸਤੇ ਅਨੰਦਪੁਰ ਛੱਡ ਕੇ ਚਲੇ ਜਾਓ ਤੇ ਫਿਰ ਵਾਪਿਸ ਆ ਜਾਣਾ ਅਸੀਂ ਕੋਈ ਜੰਗ ਨਹੀਂ ਕਰਾਂਗੇ। ਇਸ ਤਰ੍ਹਾਂ ਨਾਲ ਸਾਡੀ ਇੱਜਤ ਰਹਿ ਜਾਏਗੀ। ਬੇਈਮਾਨ ਰਾਜਿਆਂ ਨੇ ਆਪਣੀ ਗੱਲ ਮੰਨਾਉਣ ਵਾਸਤੇ ਝੂਠੀਆਂ ਸਹੁੰਆਂ ਖਾਧੀਆਂ, ਜਾਣੀਜਾਣ

ਸਤਿਗੁਰੂ ਉਨ੍ਹਾਂ ਦਾ ਕਪਟ ਜਾਣਦੇ ਹੋਏ ਵੀ ਸ੍ਰੀ ਅਨੰਦਪੁਰ ਸਾਹਿਬ ਦਾ ਮੋਹ ਤਿਆਗ ਕੇ ਨਿਰਮੋਹ ਗੜ੍ਹ ਦੀ ਉੱਚੀ ਟਿੱਬੀ ਤੇ ਚਲੇ ਗਏ।

ਇਹ ਅਸਥਾਨ ਕੀਰਤਪੁਰ ਸਾਹਿਬ ਤੋਂ ੫ ਕਿ.ਮੀ. ਦੱਖਣ ਵਲ ਪਿੰਡ ਹਰਦੋ ਨਿਮੋਹ, ਤਹਿਸੀਲ ਅਨੰਦਪੁਰ ਸਾਹਿਬ ਭਰਤਗੜ੍ਹ ਰੇਲਵੇ ਸਟੇਸ਼ਨ ਤੋਂ ੨ ਕਿ.ਮੀ. ਦੂਰੀ ਤੇ ਸਥਿੱਤ ਹੈ। ਬੇਈਮਾਨ ਪਹਾੜੀ ਰਾਜਿਆਂ ਨੇ ਆਪਣੇ ਕੀਤੇ ਕੌਲ, ਸੁਗੰਦਾਂ ਭੁਲਾ ਕੇ ਪਾਤਸ਼ਾਹ ਤੇ ਹਮਲਾ ਕਰ ਦਿੱਤਾ। ਸਿੰਘਾਂ ਨੇ ਦੁਸ਼ਮਣਾਂ ਨੂੰ ਅਗੇ ਵਧਣ ਤੋਂ ਰੋਕ ਦਿੱਤਾ। ਕਪਟੀ ਰਾਜਿਆਂ ਨੇ ਨਿਰਮੋਹਗੜ੍ਹ ਦੀ ਪਹਾੜੀ ਦੁਆਲੇ ਘੇਰਾ ਪਾ ਲਿਆ। ਸੂਬਾ ਸਰਹੰਦ ਨੂੰ ਬੇਨਤੀ ਕਰਕੇ ਰੁਸਤਮ ਖਾਂ ਦੀ ਕਮਾਨ ਹੇਠ ਤੋਪਖਾਨਾ ਮੰਗਵਾ ਲਿਆ। ਰੁਸਤਮ ਖਾਂ ਦੇ ਛੋਟੇ ਭਰਾ ਨਾਸਰ ਅਲੀ ਖਾਨ ਨੇ ਕਿਹਾ ਕਿ ਇਹ ਤਾਂ ਬੜਾ ਚੰਗਾ ਮੌਕਾ ਹੈ ਮੈਂ ਹੁਣੇ ਤੋਪ ਦਾ ਗੋਲਾ ਮਾਰ ਕੇ ਗੁਰੂ ਜੀ ਨੂੰ ਖਤਮ ਕਰ ਦਿਆਂਗਾ। ਇਸ ਪਾਪੀ ਨੇ ਸਿਸਤ ਬੰਨ ਕੇ ਗੁਰੂ ਜੀ ਵੱਲ ਤੋਪ ਦਾ ਗੋਲਾ ਦਾਗਿਆ। ਗੁਰੂ ਜੀ ਉਸ ਸਮੇਂ ਕੇਸਾਂ ਵਿੱਚ ਕੰਘਾ ਕਰ ਰਹੇ ਸਨ ਤੇ ਭਾਈ ਰਾਮ ਸਿੰਘ ਤੇ ਹੋਰ ਸਿੰਘ ਪਾਤਸ਼ਾਹ ਦੇ ਚੌਗਿਰਦੇ ਹਾਜ਼ਰ ਸਨ। ਪਾਤਸ਼ਾਹ ਨੂੰ ਮਾਰਨ ਵਾਲਾ ਤਾਂ ਇਸ ਧਰਤ ਉੱਤੇ ਕੋਈ ਹੈ ਹੀ ਨਹੀਂ ਸੀ, ਤੋਪ ਦੇ ਗੋਲੇ ਨਾਲ ਭਾਈ ਰਾਮ ਸਿੰਘ ਚੌਰ ਬਰਦਾਰ ਸ਼ਹੀਦ ਹੋ ਗਏ। ਦਸਮੇਸ਼ ਪਿਤਾ ਨੇ ਝੱਟ ਪੱਟ ਕਮਾਣ ਸੰਭਾਲੀ ਅਤੇ ਤੀਰ ਚਲਾ ਕੇ ਨਾਸਰ ਅਲੀ ਖਾਨ ਨੂੰ ਜਹੰਨਮ ਪਹੁੰਚਾ ਦਿੱਤਾ। ਗੁਰੂ ਜੀ ਨੇ ਇਸ ਅਸਥਾਨ ਤੇ ਭਾਈ ਰਾਮ ਸਿੰਘ ਤੇ ਹੋਰ ਸਿੰਘਾਂ, ਦਿਵਾਨ ਸਾਹਿਬ ਸਿੰਘ, ਭਾਈ ਮਥਰਾ ਸਿੰਘ, ਭਾਈ ਸੂਰਤ ਸਿੰਘ, ਭਾਈ ਦੇਵਾ ਸਿੰਘ, ਭਾਈ ਅਨੂਪ ਸਿੰਘ, ਭਾਈ ਸਰੂਪ ਸਿੰਘ ਆਦਿ ਜੋ ਜੰਗ ਵਿੱਚ ਸ਼ਹੀਦ ਹੋਏ ਸਨ ਦਾ ਸਸਕਾਰ ਆਪਣੇ ਹੱਥੀਂ ਕੀਤਾ। ਅੱਜ ਕਲ੍ਹ ਇਸ ਥਾਂ ਤੇ ਅੰਗੀਠਾ ਸਾਹਿਬ ਬਣਿਆ ਹੋਇਆ ਹੈ ਅਤੇ ਗੁਰਦੁਆਰਾ ਨਿਰਮੋਹਗੜ੍ਹ ਸਾਹਿਬ ਸਥਾਪਿਤ ਹੈ। ਅਗਲੇ ਦਿਨ ਗੁਰੂ ਜੀ ਦੁਸ਼ਮਣਾਂ ਦਾ ਘੇਰਾ ਤੋੜਦੇ ਹੋਏ ਦਰਿਆ ਸਤਿਲੁਜ ਤੋਂ ਪਾਰ ਬਿਸਾਲੀ ਰਿਆਸਤ ਵਿੱਚ ਚਲੇ ਗਏ।

ਮਈ ਸੰਨ ੧੭੦੪ ਈ. ਵਿੱਚ ਫਿਰ ਪਹਾੜੀ ਰਾਜਿਆਂ ਅਤੇ ਮੁਗ਼ਲ ਫੌਜਾਂ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਨਾਕਾਬੰਦੀ ਕਰ ਦਿੱਤੀ। ਇਹ ਘੇਰਾ ਤਕਰੀਬਨ ਅੱਠ ਮਹੀਨੇ ਤੱਕ ਜਾਰੀ ਰਿਹਾ। ਸਿੰਘਾਂ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਕਿਲ੍ਹਾ ਅਨੰਦਗੜ੍ਹ ਛੱਡ ਕੇ ਚਲੇ ਜਾਣਾ ਚਾਹੀਦਾ ਹੈ। ਪਰ ਗੁਰੂ ਜੀ ਨੇ ਕਿਹਾ ਕਿ ਇਸ ਤਰ੍ਹਾਂ ਨਾਲ ਬਹੁਤ ਨੁਕਸਾਨ ਹੋਏਗਾ। ਤੁਸੀਂ ਸਬਰ ਕਰੋ ਤੇ ਦੁਸ਼ਮਣ ਮਜਬੂਰ ਹੋ ਕੇ ਘੇਰਾ ਛੱਡ ਜਾਏਗਾ ਕਿਉਂਕਿ ਉਹ ਵੀ ਇੰਨੇ ਲੰਮੇ ਸਮੇਂ ਤੋਂ ਗਰਮੀ ਸਰਦੀ ਦੀ ਮਾਰ ਤੋਂ ਅੱਕੇ ਹੋਏ ਹਨ। ਪਹਾੜੀ ਰਾਜਿਆਂ ਨੇ ਫਿਰ ਕਪਟ ਕਰਦੇ ਹੋਏ ਗਊ ਮਾਤਾ ਦੀਆਂ ਸੁਗੰਦਾਂ ਖਾਧੀਆਂ। ਮੁਗ਼ਲ ਜਰਨੈਲਾਂ ਨੇ ਵੀ ਕੁਰਾਨ ਸਰੀਫ ਤੇ ਔਰੰਗਜੇਬ ਵਲੋਂ ਲਿਖਿਆ ਇਕਰਾਰ ਨਾਮਾ ਪੇਸ਼ ਕੀਤਾ। ਜਿਸ ਅਨੁਸਾਰ ਗੁਰੂ

ਜੀ ਕਿਲ੍ਹਾ ਛੱਡ ਕੇ ਜਿਥੇ ਚਾਹੁਣ ਜਾ ਸਕਦੇ ਹਨ ਕੋਈ ਜੰਗ ਨਹੀਂ ਹੋਵੇਗਾ। ਸਿੰਘਾਂ ਨੇ ਫਿਰ ਬੇਨਤੀ ਕੀਤੀ ਕਿ ਸਾਨੂੰ ਅਨੰਦਪੁਰ ਛੱਡ ਦੇਣਾ ਚਾਹੀਦਾ ਹੈ ਕਿਉਂਕਿ ਦੁਸ਼ਮਣਾਂ ਨੇ ਧਾਰਮਿਕ ਤੌਰ ਤੇ ਇਕਰਾਰ ਕੀਤਾ ਹੈ ਕਿ ਅਸੀਂ ਕੋਈ ਜੰਗ ਨਹੀਂ ਕਰਾਂਗੇ। ਜਾਣੀਜਾਣ ਪਾਤਸਾਹ ਤਾਂ ਦੁਸ਼ਮਣਾਂ ਦੇ ਕਪਟ ਨੂੰ ਜਾਣਦੇ ਸਨ ਪਰ ਸਿੰਘਾਂ ਦੇ ਮਜਬੂਰ ਕਰਨ ਅਤੇ ਹਿੰਦੂ ਤੇ ਮੁਸਲਮਾਨਾਂ ਵਲੋਂ ਧਰਮ ਦਾ ਵਾਸਤਾ ਪਾਏ ਜਾਣ ਦਾ ਸਤਿਕਾਰ ਕਰਦੇ ਹੋਏ ਗੁਰੂ ਜੀ ਨੇ ਅਨੰਦਪੁਰ ਛੱਡਣ ਦਾ ਫੈਸਲਾ ਕਰ ਲਿਆ। ਛੇ ਪੋਹ ਦੀ ਕਕਰੀਲੀ ਰਾਤ ਨੂੰ ਅਸਮਾਨ ਬਦਲਾਂ ਨਾਲ ਢਕਿਆ ਹੋਇਆ ਸੀ ਠੰਡੀ ਸੀਤ ਲਹਿਰ ਵੱਗ ਰਹੀ ਸੀ ਅਤੇ ਬੂੰਦਾ ਬਾਂਦੀ ਹੋ ਰਹੀ ਸੀ ਜਦੋਂ ਦਸਮੇਸ਼ ਜੀ ਨੇ ਅਨੰਦਪੁਰ ਸਾਹਿਬ ਨੂੰ ਅਲਵਿਦਾ ਕਿਹਾ।

ਕੀਰਤਪੁਰ ਸਾਹਿਬ ਟੱਪਣ ਤੋਂ ਬਾਅਦ ਬੇਈਮਾਨਾਂ ਦੀਆਂ ਫੌਜਾਂ ਨੇ ਹਮਲਾ ਕਰ ਦਿੱਤਾ। ਸਰਸਾ ਨਦੀ ਤਕ ਘਮਸਾਨ ਦਾ ਜੰਗ ਹੋਇਆ ਜਿਸ ਵਿੱਚ ਬਹੁਤ ਸਿੰਘ, ਭਾਈ ਉਦੈ ਸਿੰਘ, ਭਾਈ ਜੀਵਨ ਸਿੰਘ (ਜੈਤਾ ਜੀ), ਬੀਬੀ ਭਿੱਖਾਂ ਸਮੇਤ ਸ਼ਹੀਦ ਹੋ ਗਏ। ਸਰਸਾ ਨਦੀ ਵਿੱਚ ਹੜ੍ਹ ਆਇਆ ਹੋਇਆ ਸੀ। ਗੁਰੂ ਜੀ ਦਾ ਪਰਿਵਾਰ ਤਿੰਨ ਹਿੱਸਿਆਂ ਵਿੱਚ ਵੰਡਿਆ ਗਿਆ ਅਤੇ ਵਿਛੋੜਾ ਪੈ ਗਿਆ। ਗੁਰੂ ਜੀ, ਵਡੇ ਸਾਹਿਬਜਾਦੇ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ ਤੇ ਚਾਲੀ ਸਿੰਘਾਂ ਸਮੇਤ ਰੋਪੜ ਦੇ ਚੜ੍ਹਦੇ ਪਾਸੇ ਘਨੌਲਾ ਪਿੰਡ ਚੋਂ ਹੁੰਦੇ ਹੋਏ ਭੱਠਾ ਸਾਹਿਬ ਪਹੁੰਚੇ। ਮਾਤਾ ਗੁੱਜਰ ਕੌਰ ਜੀ ਛੋਟੇ ਸਾਹਿਬਜ਼ਾਦੇ ਬਾਬਾ ਜੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ ਸਰਸਾ ਨਦੀ ਦੇ ਵਹਾਅ ਵਾਲੇ ਪਾਸੇ ਸਤਿਲੁਜ ਦੇ ਕੰਢੇ ਪਹੁੰਚ ਗਏ। ਮਾਤਾ ਸੁੰਦਰ ਕੌਰ ਅਤੇ ਮਾਤਾ ਸਾਹਿਬ ਕੌਰ ਕੁਝ ਸਿੰਘਾਂ ਸਮੇਤ ਰੋਪੜ ਪਹੁੰਚ ਕੇ ਅੱਗੇ ਦਿੱਲੀ ਵਲ ਚਲੇ ਗਏ।

ਗੁਰੂ ਜੀ ਕੁਝ ਸਮਾਂ ਨਿਹੰਗ ਖਾਨ ਦੇ ਕਿਲ੍ਹੇ ਵਿੱਚ ਰੁਕੇ ਅਤੇ ਫੱਟੜ ਭਾਈ ਬਚਿੱਤਰ ਸਿੰਘ ਨੂੰ ਉਥੇ ਛੱਡ ਕੇ ਅਗੇ ਚਲ ਪਏ। ਭੱਠਾ ਸਾਹਿਬ ਤੋਂ ਲੱਖਮੀ ਪੁਰ ਹੋ ਕੇ ਬਾਹਮਣ ਮਾਜਰਾ, ਸਿੰਘ ਭਗਵੰਤਪੁਰਾ, ਬੂਰ ਮਾਜਰਾ ਪਿੰਡਾਂ ਵਿਚੋਂ ਦੀ ਹੁੰਦੇ ਹੋਏ ਚਮਕੌਰ ਸਾਹਿਬ ਪਹੁੰਚੇ। ਪਿੰਡ ਲਖਮੀਪੁਰ ਵਿੱਚ ਪਾਤਸਾਹ ਨੇ ਭਾਈ ਰਾਮ ਸਿੰਘ ਚੌਰ ਬਰਦਾਰ ਦੇ ਪਰਿਵਾਰ ਨੂੰ ਛੋਟਾ ਖੰਡਾ ਅਤੇ ਇੱਕ ਰੇਹਲ ਬਖਸ਼ਸ਼ ਕੀਤੀ ਜੋ ਕਿ ਅਜ ਵੀ ਉਸ ਪਰਿਵਾਰ ਕੋਲ ਮੌਜੂਦ ਹੈ। ਮਾਤਾ ਲੱਛਮੀ ਦੇ ਘਰ 'ਮੀਰੀ ਪੀਰੀ ਦਰਸ਼ਨ' ਅਸਥਾਨ ਤੇ ਸ਼ਹੀਦ ਭਾਈ ਰਾਮ ਸਿੰਘ ਜੀ ਦੀ ਯਾਦ ਹਰੇਕ ਦਸਮੀ ਨੂੰ ਮਨਾਈ ਜਾਂਦੀ ਰਹੀ ਹੈ। ਪਰ ਅੱਜ ਕਲ੍ਹ ਇਸ ਘਰ ਵਿੱਚ ਕੋਈ ਨਹੀਂ ਰਹਿੰਦਾ। ਪਿੰਡ ਦੇ ਬਾਹਰ ਟੋਭੇ ਵਾਲੀ ਜਗ੍ਹਾਂ ਜਿੱਥੇ ਮੀਰੀ-ਪੀਰੀ ਦੇ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਦੀਵਾਨ ਸਜਾਇਆ ਸੀ ਗੁਰਦੁਆਰਾ ਸ੍ਰੀ ਚਰਨ ਕਮਲ ਸਾਹਿਬ ਪਾਤਸਾਹੀ ਛੇਵੀਂ, ਪਾਤਸਾਹੀ ਦਸਵੀਂ ਅਤੇ ਸ਼ਹੀਦ ਸਿੰਘਾਂ ਦੀ ਯਾਦਗਾਰ ਵਜੋਂ ਸੁਭਾਇਮਾਨ ਹੈ। ਇਸ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਲਈ ਬਹੁਤ

ਸਾਰੇ ਮਹਾਂਪੁਰਸ਼ ਜਿਵੇਂ ਕਿ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਮੁੱਖੀ ਦਮਦਮੀ ਟਕਸਾਲ, ਬਾਬਾ ਅਜੀਤ ਸਿੰਘ ਜੀ ਨਥਲਪੁਰ ਵਾਲੇ, ਸੰਤ ਕਰਤਾਰ ਸਿੰਘ ਭੈਰੋਂ ਮਾਜਰਾ, ਸੰਤ ਅਜੀਤ ਸਿੰਘ ਹੰਸਾਲੀ ਵਾਲੇ, ਸੰਤ ਫਤਿਹ ਸਿੰਘ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਵੀ ਆਏ ਸਨ।

ਇਸ ਪਵਿੱਤਰ ਅਸਥਾਨ ਤੇ ੨੫ ਅਕਤੂਬਰ ੧੯੯੫ ਤੋਂ ਸੰਤ ਅਜੀਤ ਸਿੰਘ ਜੀ ਹੰਸਾਲੀ ਵਾਲਿਆਂ ਵਲੋਂ ਸ਼ੁਰੂ ਕੀਤੀ ਸ੍ਰੀ ਅਖੰਡ ਸਾਹਿਬ ਦੀ ਲੜੀ ਨਿਰੰਤਰ ਜਾਰੀ ਹੈ, ਗੁਰੂ ਕਾ ਲੰਗਰ ਅਤੁੱਟ ਵਰਤਦਾ ਹੈ।

ਉਪਰੋਕਤ ਜਾਣਕਾਰੀ ਮਾਤਾ ਲੱਛਮੀ ਦੇ ਪਰਿਵਾਰ ਦੀ ਬਾਰਵੀਂ ਪੀੜੀ ਦੇ ਭਾਈ ਗੁਰਪਾਲ ਸਿੰਘ ਜੀ ਪਾਸੋਂ ਪ੍ਰਾਪਤ ਹੋਈ ਹੈ। ਭਾਈ ਗੁਰਪਾਲ ਸਿੰਘ ਜੀ ਅੱਜ ਕਲ ਲੁਧਿਆਣਾ ਵਿਖੇ ਰਹਿੰਦੇ ਹਨ। ਭਾਈ ਗੁਰਪਾਲ ਸਿੰਘ ਨੇ ਪਰਿਵਾਰ ਦਾ ਕੁਰਸੀਨਾਮਾ ਜੋ ਕਿ ਹੇਠ ਦਿੱਤਾ ਗਿਆ ਹੈ ਵੀ ਸਾਂਝਾ ਕੀਤਾ ਹੈ। ਭਾਈ ਗੁਰਪਾਲ ਸਿੰਘ ਜੀ ਦਾ ਬਹੁਤ ਬਹੁਤ ਧੰਨਵਾਦ ਹੈ ਜੀ।

## ਮਾਤਾ ਲੱਛਮੀ ਜੀ ਦੇ ਪਰਿਵਾਰ ਦਾ ਕੁਰਸੀ ਨਾਮਾ

ਮਾਤਾ ਲੱਛਮੀ ਜੀ
|
ਭਗਵਾਨ ਦਾਸ
|
ਨਰੈਣ ਦਾਸ
|
ਸ਼ਹੀਦ ਭਾਈ ਰਾਮ ਸਿੰਘ ਚੌਰ ਬਰਦਾਰ ਪਾਤਸ਼ਾਹੀ ਦਸਵੀਂ
|
ਗੋਪਾਲ ਚੰਦ
|
ਦਯਾਲ ਦਾਸ
|
ਰਾਮ ਸਰਨ
|
ਸਾਹਿਬ ਚੰਦ ਮੇਹਰ ਚੰਦ
|
ਰੇਲੂ ਰਾਮ
|
ਠਾਕੁਰ ਸਿੰਘ —— ਕ੍ਰਿਪਾ ਰਾਮ

ਮੁਨਸੀ ਰਾਮ —— ਸੁੰਦਰ —— ਤੁਲਸੀ —— ਕੇਸਰ ਸਿੰਘ —— ਸਦਾ ਰਾਮ

ਰਾਮ ਸਿੰਘ —— ਬਚਨ ਕੌਰ

ਗੁਰਪਾਲ ਸਿੰਘ —— ਅੰਮ੍ਰਿਤ ਸਿੰਘ

-0-0-0-

# ਗੁਰਮੰਤਰ ਅਤੇ ਮੂਲ ਮੰਤਰ

-ਸ.ਬਲਿਹਾਰ ਸਿੰਘ, ਮੋ : 99881-20444

(੧) <u>ਗੁਰਮੰਤਰ</u> : ਸ਼ਬਦ 'ਮੰਤਰ' ਦੋ ਸ਼ਬਦਾਂ ਤੋਂ ਬਣਿਆ ਹੈ :

ਮਨ=ਮਨਨ ਭਾਵ ਧਿਆਨ ਕਰਨਾ, ਵਿਚਾਰਨਾ, ਸੋਚਨਾ, ਚਿੰਤਨ ਕਰਨਾ।

ਤ੍ਰਾ=ਸੰਸਾਰਿਕ ਬੰਧਨਾਂ ਤੋਂ ਮੁਕਤ ਕਰਾਉਣ ਵਾਲਾ।

ਗੁਰਮੰਤਰ, ਧਰਮ ਦਾ ਉਹ ਮੰਤਰ, ਜੋ ਧਰਮ ਧਾਰਨ ਸਮੇਂ ਉਪਦੇਸ਼ ਕੀਤਾ ਜਾਂਦਾ ਹੈ।

ਚਲਤ ਬੈਸਤ ਸੋਵਤ ਜਾਗਤ ਗੁਰ ਮੰਤ੍ਰੁ ਰਿਦੈ ਚਿਤਾਰਿ ॥ (ਅੰਗ-੧੦੦੬)

ਗੁਰ ਮੰਤ੍ਰੜਾ ਚਿਤਾਰਿ ਨਾਨਕ ਦੁਖੁ ਨ ਥੀਵਈ ॥ (ਅੰਗ-੫੨੧)

ਸੋ ਗੁਰਮੰਤਰ ਉਹ ਸ਼ਬਦ ਹੁੰਦਾ ਹੈ ਜਿਸ ਦਾ ਧਿਆਨ ਧਰਕੇ, ਸਿਮਰਨ ਕਰਕੇ ਵਿਅਕਤੀ ਸੰਸਾਰਕ ਬੰਧਨਾਂ ਤੋਂ ਮੁਕਤ ਹੋ ਕੇ ਪ੍ਰਮਾਤਮਾ ਦੇ ਨਾਲ ਜੁੜ ਜਾਂਦਾ ਹੈ, ਇੱਕ ਮਿੱਕ ਹੋ ਜਾਂਦਾ ਹੈ।

ਸਿੱਖ ਧਰਮ ਦਾ ਗੁਰਮੰਤਰ ਹੈ 'ਵਾਹਿਗੁਰੂ'। 'ਵਾਹਿਗੁਰੂ' ਦੋ ਸ਼ਬਦਾਂ ਦਾ ਸੁਮੇਲ ਹੈ- 'ਵਾਹੁ' ਅਤੇ 'ਗੁਰੂ'। 'ਵਾਹੁ' ਸ਼ਬਦ ਅਸਚਰਜਤਾ ਜਾਂ ਵਿਸਮਾਦ ਨੂੰ ਦਰਸਾਉਂਦਾ ਹੈ ਅਤੇ 'ਗੁਰੂ' ਜੋ ਅਗਿਆਨਤਾ ਦਾ ਹਨੇਰਾ ਦੂਰ ਕਰਕੇ ਗਿਆਨ ਦਾ ਚਾਨਣਾ ਬਖਸ਼ੇ।

ਵਾਹ ਨਾਮ ਅਚਰਜ ਕੋ ਹੋਈ। ਅਚਰਜ ਤੇ ਪਰਉਕਤਿ ਨ ਕੋਈ।

ਸੋ ਤਮ ਤਨ ਅਗਯਾਨ ਅਕਿੱਤ। ਰੂ ਪਰਕਾਸ਼ ਕਿਯੋ ਜਿਨ ਚਿੱਤ। (ਸ੍ਰੀ ਗੁਰੂ ਪ੍ਰਤਾਪ ਸੂਰਜ)

ਸੋ 'ਵਾਹਿਗੁਰੂ' ਉਹ ਪਰਮ ਅਤੇ ਅਸਚਰਜ-ਮਈ ਹਸਤੀ ਤੇ ਸ਼ਕਤੀ ਹੈ ਜਿਹੜੀ ਮਨੁੱਖ ਦੇ ਮਨ ਦਾ ਅਗਿਆਨ-ਮਈ ਹਨੇਰਾ ਦੂਰ ਕਰਕੇ ਗਿਆਨ ਦਾ ਪ੍ਰਕਾਸ਼ ਪ੍ਰਦਾਨ ਕਰਦੀ ਹੈ। ਭਾਈ ਗੁਰਦਾਸ ਜੀ ਅਨੁਸਾਰ 'ਵਾਹਿਗੁਰੂ' ਗੁਰਮੰਤਰ ਹੈ। ਵਾਰ-੧੩/੨ ਅੰਦਰ ਫੁਰਮਾਉਂਦੇ ਹਨ :

ਵਾਹਿਗੁਰੂ ਗੁਰਮੰਤ੍ਰ ਹੈ ਜਪਿ ਜਉਮੈ ਖੋਈ।

ਅੰਮ੍ਰਿਤ ਛਕਾਉਣ ਵੇਲੇ ਪੰਜ ਪਿਆਰੇ ਸਾਹਿਬਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜੂਰੀ ਵਿੱਚ ਅੰਮ੍ਰਿਤ ਅਭਿਲਾਖੀਆਂ ਨੂੰ 'ਵਾਹਿਗੁਰੂ' ਗੁਰਮੰਤਰ ਨੂੰ ਦ੍ਰਿੜ ਕਰਵਾਉਂਦੇ ਹਨ ਅਤੇ ਇਸ ਗੁਰਮੰਤਰ ਨੂੰ ਸਦਾ ਜਪਣ ਦੀ ਹਦਾਇਤ ਕਰਦੇ ਹਨ।

(੨) <u>ਮੂਲ ਮੰਤਰ</u>-ਮੂਲ ਦਾ ਅਰਥ ਤੱਤ, ਜੜ੍ਹ। ਗੁਰ ਸਿੱਖੀ ਦਾ ਮੂਲ ਮੰਤਰ ਹੈ :-

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ੴ : ਸੰਸਾਰ ਵਿੱਚ ਮਨੁੱਖ ਦੀ ਬਾਣੀ ਜਾਂ ਖਿਆਲਾਂ ਨੂੰ ਪ੍ਰਗਟ ਕਰਨ ਲਈ ਤਿੰਨ ਪ੍ਰਕਾਰ ਦੀਆਂ ਭਾਸ਼ਾਵਾਂ ਦਾ ਉਪਯੋਗ ਕੀਤਾ ਜਾਂਦਾ ਹੈ।

(੧) ਅੰਕ/ਗਿਣਤੀ ਜਿਵੇਂ ੧,੨,੩ ਆਦਿ।

(੨) ਅੱਖਰਾਂ ਦੀ ਭਾਸ਼ਾ ਜਿਵੇਂ ੳ, ਅ, ੲ ਆਦਿ।

(੩) ਸੰਕੇਤਕ/ਇਸ਼ਾਰਿਆਂ ਦੀ ਭਾਸ਼ਾ ਜਿਵੇਂ ਉਪਰ ਨੂੰ ਹੱਥ ਕਰਨ ਦਾ ਮਤਲਬ ਹੈ ਖੜੇ ਹੋ ਜਾਉ, ਥੱਲੇ ਨੂੰ ਹੱਥ ਕਰਨ ਦਾ ਮਤਲਬ ਹੈ ਬੈਠ ਜਾਉ।

ਕਲਯੁਗੀ ਜੀਵਾਂ ਦੇ ਉਧਾਰਕ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ੴ' ਵਿੱਚ ਉਪਰ ਲਿਖਤ ਤਿੰਨੋਂ ਭਾਸ਼ਾਵਾਂ ਦਾ ਉਪਯੋਗ ਕੀਤਾ ਹੈ। 'ੴ' ਸ਼ਬਦ ੧+ਓ+⌒ (੧+ਓਅੰ+ਕਾਰ) ਦਾ ਸਮੂਹ ਹੈ।

੧. '੧' ਅੰਕ ਗਿਣਤੀ ਦਾ ਪਹਿਲਾ ਅੰਕ ਹੈ। '੧' ਦਾ ਉਚਾਰਣ ਕੀਤਾ ਜਾਂਦਾ ਹੈ 'ਇੱਕ'। ਭਾਈ ਕਾਨ੍ਹ ਸਿੰਘ ਨਾਭਾ ਰਚਿਤ ਮਹਾਂਕੋਸ਼ ਅਨੁਸਾਰ ਇੱਕ ਦਾ ਅਰਥ ਹੈ ਯਕ (ਉਰਦੂ ਦਾ ਇੱਕ), ਇਕੱਲਾ, ਲਾਸਾਨੀ ਅਦੁੱਤੀ। ਸੋ '੧' ਇਸ ਅਰਥ ਦਾ ਪ੍ਰਤੀਕ ਹੈ ਕਿ ਪਾਰਬ੍ਰਹਮ ਪ੍ਰਮਾਤਮਾ ਜੋ ਲਾਸਾਨੀ/ਅਦੁੱਤੀ ਹੈ ਉਹ ਕੇਵਲ ਇੱਕ ਹੈ।

ਸਾਹਿਬੁ ਮੇਰਾ ਏਕੋ ਹੈ ॥ ਏਕੋ ਹੈ ਭਾਈ ਏਕੋ ਹੈ ॥ (ਅੰਗ-੩੫੦)

ਏਕੈ ਏਕੈ ਏਕ ਤੂਹੀ ॥ ਏਕੈ ਏਕੈ ਤੂ ਰਾਇਆ ॥ (ਅੰਗ-੮੮੩)

੨. 'ੳ' ਗੁਰਮੁੱਖੀ ਭਾਸ਼ਾ (ਲਿੱਪੀ) ਦਾ ਪਹਿਲਾ ਅੱਖਰ ਹੈ। ਭਾਈ ਸਾਹਿਬ ਸਿੰਘ ਅਨੁਸਾਰ 'ੳ' ਸੰਸਕ੍ਰਿਤ ਦਾ ਵੀ ਸ਼ਬਦ ਹੈ ਅਤੇ ਅਮਰਕੋਸ਼ ਵਿੱਚ ਇਸ ਦੇ ਤਿੰਨ ਅਰਥ ਕੀਤੇ ਗਏ ਹਨ ;

(ੳ) ਵੇਦ ਆਦਿ ਧਾਰਮਿਕ ਪੁਸਤਕਾਂ ਦੇ ਅਰੰਭ ਅਤੇ ਅਖੀਰ ਵਿੱਚ ਅਰਦਾਸ ਜਾਂ ਕਿਸੇ ਪਵਿੱਤਰ ਧਰਮ ਕਾਰਜ ਦੇ ਆਰੰਭ ਵਿੱਚ ਅੱਖਰ 'ੳ' ਪਵਿੱਤਰ ਅੱਖਰ ਜਾਣ ਕੇ ਵਰਤਿਆ ਜਾਂਦਾ ਹੈ।

(ਅ) ਕਿਸੇ ਹੁਕਮ ਜਾਂ ਪ੍ਰਸ਼ਨ ਆਦਿਕ ਦੇ ਉੱਤਰ ਵਿੱਚ ਆਦਰ ਤੇ ਸਤਿਕਾਰ ਨਾਲ 'ਜੀ ਹਾਂ' ਆਖਣਾ। ਸੋ 'ੳ' ਦਾ ਅਰਥ ਹੈ 'ਜੀ ਹਾਂ'। (ਪੋਥੀ ਪਹਿਲੀ-ਅੰਗ ੪੪)

(ੲ) 'ਓਂ' ਬ੍ਰਹਮ।

ਇਹਨਾਂ ਵਿੱਚੋਂ ਕਿਹੜਾ ਅਰਥ ਇਸ ਸ਼ਬਦ ਦਾ ਇੱਥੇ ਲਿਆ ਜਾਣਾ ਹੈ-ਇਸ ਨੂੰ ਦ੍ਰਿੜ ਕਰਨ ਲਈ ਸ਼ਬਦ 'ਓਂ' ਦੇ ਪਹਿਲਾਂ '੧' ਲਿਖ ਦਿੱਤਾ ਹੈ। ਇਸ ਦਾ ਭਾਵ ਇਹ ਹੈ ਕਿ ਇੱਥੇ 'ੳ' ਦਾ ਅਰਥ ਹੈ 'ਉਹ ਸ਼ਕਤੀ/ਹਸਤੀ ਜੋ ਇੱਕ ਹੈ, ਜਿਸ ਵਰਗਾ ਹੋਰ ਕੋਈ ਨਹੀਂ ਹੈ ਅਤੇ ਜਿਸ ਵਿੱਚ ਸਾਰਾ ਜਗਤ ਸਮਾਂ ਜਾਂਦਾ ਹੈ।'

ਓ-ਓਅਮ : ਸਨਾਤਨ ਧਰਮ ਦਾ ਮੰਨਣਾ ਹੈ ਕਿ 'ਓਅਮ' ਸ਼ਬਦ ਤਿੰਨ ਸ਼ਕਤੀਆਂ ਦਾ ਪ੍ਰਤੀਕ ਹੈ-ਬ੍ਰਹਮਾ(ਉਤਪਤੀ ਭਾਵ ਪੈਦਾ ਕਰਨ ਵਾਲਾ), ਵਿਸ਼ਨੂੰ (ਪਾਲਨਾ ਕਰਨ ਵਾਲਾ) ਅਤੇ ਸ਼ਿਵਜੀ (ਨਾਸ ਕਰਨ ਵਾਲਾ)। ਪ੍ਰਮਾਤਮਾ ਨੇ ਮਾਇਆ ਦੀ ਰਚਨਾ ਕੀਤੀ। ਮਾਇਆ ਕਿਸੇ ਜੁਗਤੀ ਨਾਲ ਪ੍ਰਸੂਤ ਹੋਈ ਤੇ ਪਰਤੱਖ ਤੌਰ ਤੇ ਉਸ ਨੇ ਉਪਰੋਕਤ ਤਿੰਨ ਪੁਤਰਾਂ (ਸ਼ਕਤੀਆਂ) ਨੂੰ ਜਨਮ ਦਿੱਤਾ :

ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥
ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥ (ਅੰਗ-੭)

ਪਰੰਤੂ ਸ੍ਰੀ ਗੁਰੂ ਨਾਨਕ ਦੇਵ ਜੀ ਉਪਰਲੀ ਮਨੌਤ ਦਾ ਖੰਡਨ ਕਰਦੇ ਹੋਏ ਫਰਮਾਉਂਦੇ ਹਨ ਕਿ ਅਸਲ ਵਿੱਚ ਗੱਲ ਇਹ ਹੈ ਕਿ ਜਿਵੇਂ ਅਕਾਲ ਪੁਰਖ ਨੂੰ ਭਾਉਂਦਾ ਹੈ ਅਤੇ ਜਿਵੇਂ ਉਸ ਦਾ ਹੁਕਮ ਹੁੰਦਾ ਹੈ ਤਿਵੇਂ ਉਹ ਆਪ ਸੰਸਾਰ ਦੀ ਕਾਰ ਚਲਾ ਰਿਹਾ ਹੈ। ਇਨ੍ਹਾਂ ਤਿੰਨਾਂ ਸ਼ਕਤੀਆਂ-ਬ੍ਰਹਮਾ, ਵਿਸ਼ਨੂੰ ਤੇ ਸ਼ਿਵਜੀ ਦੇ ਹੱਥ ਕੁਝ ਨਹੀਂ। ਇਹ ਬੜਾ ਅਸਚਰਜ ਕੌਤਕ ਹੈ ਕਿ ਉਹ ਅਕਾਲ ਪੁਰਖ ਸਭ ਜੀਵਾਂ ਨੂੰ ਦੇਖ ਰਿਹਾ ਹੈ ਪਰ ਜੀਵਾਂ ਨੂੰ ਅਕਾਲ ਪੁਰਖ ਨਹੀਂ ਦਿਸਦਾ :

ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥
ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥ (ਅੰਗ-੭)

੩. ' ੴ(ਕਾਰ)' ਸੰਕੇਤ ਕਰਦਾ ਹੈ ਨਿਰੰਕਾਰ ਦੇ ਨਿਰੰਤਰ ਅਤੇ ਅਸੀਸ਼ ਸਰੂਪ ਵੱਲ, ਸਰਬ ਵਿਆਪਕਤਾ ਵੱਲ। ਇਸ ਦਾ ਅਰਥ ਹੈ ਕਿ ਨਿਰੰਕਾਰ ਸਾਰੀ ਸ੍ਰਿਸ਼ਟੀ ਵਿੱਚ ਇੱਕ ਰੱਸ ਵਰਤ ਰਿਹਾ ਹੈ।

ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ।
ਨ ਘਾਟ ਹੈ ਨ ਬਾਢ ਹੈ ਨ ਘਾਟਿ ਬਾਢਿ ਹੋਤ ਹੈ। (ਅਕਾਲ ਉਸਤਤਿ)

ਸੋ 'ਓ' ਦਾ ਉਚਾਰਨ ਹੈ ਓਅੰਕਾਰ-ਸਾਰੀ ਸ੍ਰਿਸ਼ਟੀ ਦਾ ਰਚਨਹਾਰ।

ਓਅੰਕਾਰਿ ਬ੍ਰਹਮਾ ਉਤਪਤਿ ॥ ਓਅੰਕਾਰੁ ਕੀਆ ਜਿਨਿ ਚਿਤਿ ॥ (ਅੰਗ-੨੯੨)

ਓਅੰਕਾਰ ਤੋਂ ਬ੍ਰਹਮ ਦੀ ਉਤਪਤੀ ਹੋਈ। ਓਅੰਕਾਰ ਤੋਂ ਹੀ ਚੇਤਨਤਾ ਭਾਵ ਸ੍ਰਿਸ਼ਟੀ ਰਚੀ ਗਈ।

'ਓ' ਤੋਂ ਪਹਿਲਾਂ '੧' ਲਿਖ ਕੇ ਇਹ ਬਣ ਗਿਆ 'ੴ' (ਏਕੰਕਾਰ) :

ਏਕੰਕਾਰੁ ਇਕਾਂਗ ਲਿਖਿ ਊੜਾ ਓਅੰਕਾਰੁ ਲਿਖਾਇਆ। (ਵਾਰ ੩੯, ਪਉੜੀ ੧)

<u>ਸਤਿ</u> : 'ਸਤਿ' ਦਾ ਅਰਥ ਹੈ ਤ੍ਰੈ ਕਾਲ ਅਗਾਧ ਰੂਪ ਜੋ ਸਦਾ ਥਿਰ ਹੈ, ਹੋਂਦ ਵਾਲਾ ਹੈ, ਸਤਿ ਸਰੂਪ ਹੈ। ਗੁਰੂ ਨਾਨਕ ਦੇਵ ਜੀ ਨੇ 'ਸਤਿ' ਦਾ ਅਰਥ ਸਲੋਕ ਵਿੱਚ ਆਪ ਹੀ ਖੋਹਲ ਦਿੱਤਾ ਹੈ :

ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥

ਜਪੁਜੀ ਸਾਹਿਬ ਜੀ ਪਉੜੀ ੨੮ ਵਿੱਚ ਇੰਝ ਫਰਮਾਇਆ ਹੈ :

ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥

ਭਾਵ : ਜਿਸ ਦਾ ਆਦਿ ਜਾਂ ਮੁਢ ਨਹੀਂ ਹੈ, ਜੋ ਪਵਿੱਤਰ ਸਰੂਪ ਹੈ, ਜੋ ਅਬਿਨਾਸੀ ਹੈ ਅਤੇ ਸਦਾ ਇੱਕ ਰੱਸ, ਇੱਕ ਰੂਪ ਰਹਿੰਦਾ ਹੈ।

'ਨਾਮੁ': -ਨਾਮ ਦਾ ਅਰਥ ਹੈ , ਯਾਦ ਰੱਖਣਾ, ਯਾਦ ਕਰਨਾ। ਗੁਰਬਾਣੀ ਅੰਦਰ ਨਾਮੁ ਪਦ ਨੂੰ ਨਾਵ, ਨਾਉਂ, ਨਾਇ ਰੂਪਾਂ ਵਿੱਚ ਵੀ ਲਿਖਿਆ ਮਿਲਦਾ ਹੈ ਜਿਵੇਂ :

ਨਾਵੈ ਕੀ ਵਡਿਆਈ ਵਡੀ ਹੈ ਨਿਤ ਸਵਾਈ ਚੜੈ ਚੜਾਹੀ ॥੨॥ (ਅੰਗ-੩੦੯)

ਨਾਉ ਪੂਜੀਐ ਨਾਉ ਮੰਨੀਐ ਅਖੰਡੁ ਸਦਾ ਸਚੁ ਸੋਇ ॥੩॥ (ਅੰਗ-੧੭)

ਸਾਚਾ ਸਾਹਿਬੁ ਸਾਚੈ ਨਾਇ ॥ (ਅੰਗ-੪)

ਉਨ੍ਹਾਂ ਨਾਮਾਂ ਨੂੰ ਜੋ ਗੁਣ, ਕਰਮ ਆਦਿ ਕਰਕੇ ਪਰਮਾਤਮਾ ਦੇ ਰੱਖੇ ਗਏ ਹਨ, 'ਕਿਰਤਮ' ਨਾਮ ਕਰਕੇ ਜਾਣੇ ਜਾਂਦੇ ਹਨ। ਕੇਵਲ 'ਸਤਿ' ਪ੍ਰਮਾਤਮਾ ਦਾ ਸਰਵ ਗੁਣੀ, ਸਰਵ ਸਥਾਨੀ ਨਾਮ ਹੋਣ ਕਰਕੇ 'ਅਕਿਰਤਮ' ਨਾਮ ਜਾਣਿਆ ਜਾਂਦਾ ਹੈ ਅਤੇ ਪਰਾ ਪੂਰਬਲਾ ਹੈ।

ਕਿਰਤਮ ਨਾਮ ਕਥੇ ਤੇਰੇ ਜਿਹਬਾ॥ ਸਤਿ ਨਾਮੁ ਤੇਰਾ ਪਰਾ ਪੂਰਬਲਾ॥(ਅੰਗ-੧੦੮੩)

'ਸਤਿਨਾਮ' : ਉਪਰ 'ਸਤਿ' ਅਤੇ ਨਾਮੁ ਨੂੰ ਜਿਥੇ ਅਲੱਗ ਅਲੱਗ ਵਿਚਾਰਿਆ ਗਿਆ ਹੈ। ਉਥੇ ਗੁਰਬਾਣੀ ਵਿੱਚ ਸਤਿਨਾਮੁ ਪਦ ਇਕੱਠਾ ਵੀ ਆਇਆ ਹੈ ਅਤੇ ਉਸ ਦੇ ਜਪਣ ਦੀ ਵੀ ਆਗਿਆ ਹੈ। ਆਮ ਕਰਕੇ ਸਤਿਨਾਮ ਵਾਹਿਗੁਰੂ ਸ਼ਬਦ ਨਾਲ ਮਿਲਾ ਕੇ ਵੀ ਬੋਲਿਆ ਜਾਂਦਾ ਹੈ। ਜਿਵੇਂ 'ਸਤਿਨਾਮੁ ਵਾਹਿਗੁਰੂ' ਜਾਂ 'ਸਤਿਨਾਮ ਸ੍ਰੀ ਵਾਹਿਗੁਰੂ'।

ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ ॥
ਹਲਤਿ ਪਲਤਿ ਮੁਖ ਊਜਲ ਹੋਈ ਹੈ ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ ॥
(ਅੰਗ-੬੭੦)

ਕਰਤਾ : ਕਰਤੇ ਦੇ ਅਰਥ ਹਨ-ਸਿਰਜਨਹਾਰ, ਰਚਨਹਾਰ, ਕਰਨਹਾਰ।

ਕਰਤੇ ਕੀ ਮਿਤਿ ਨ ਜਾਨੈ ਕੀਆ ॥ (ਅੰਗ-੨੮੫)

ਇਹ ਪਦ ਅਕਾਲ ਪੁਰਖ ਦੇ ਅਰਥ ਵਿੱਚ ਵੀ ਗੁਰਬਾਣੀ ਵਿੱਚ ਆਇਆ ਹੈ।

ਕਰਤਾ ਕਰੇ ਕਰਾਵੈ ਸੋਇ ॥ (ਅੰਗ-੭੯੬)

ਸੰਸਾਰ ਦੀ ਰਚਨਾ ਕਰਨ ਕਰਕੇ ਨਿਰੰਕਾਰ ਦਾ ਨਾਮ 'ਕਰਤਾ' ਪਿਆ ਜੋ ਕਿ ਕਿਰਤਮ ਨਾਮ ਹੈ। ਉਸੇ ਤੋਂ ਹੀ ਉਤਪਤੀ, ਪਾਲਣਾ ਅਤੇ ਸੰਘਾਰ (ਨਾਸ) ਹੋ ਰਿਹਾ ਹੈ।

ਪੁਰਖ : ਪੂਰਿਆ ਹੋਇਆ ਪੁਰਸ਼ ਅਰਥਾਤ ਘਟ ਘਟ ਵਿੱਚ ਰਮਿਆ ਹੋਇਆ, ਜੋ ਪੁਰ ਪੁਰ ਵਿੱਚ ਨਿਵਾਸ ਕਰ ਰਿਹਾ ਹੈ ਭਾਵ ਸਰਵ ਵਿਆਪੀ ਹੈ, ਉਸ ਸ਼ਕਤੀ ਨੂੰ ਪੁਰਖ ਕਿਹਾ ਜਾਂਦਾ ਹੈ।

ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ ਜੀ ਹਰਿ ਏਕੋ ਪੁਰਖੁ ਸਮਾਣਾ॥(ਅੰਗ-੩੮੪)

ਭਾਈ ਸਾਹਿਬ ਭਾਈ ਵੀਰ ਸਿੰਘ ਅਨੁਸਾਰ-ਮੂਲ ਮੰਤਰ ਵਿੱਚ ਸਤਿਗੁਰੂ ਜੀ ਨੇ 'ਕਰਤਾ' ਦੇ ਮਗਰੋਂ ਪਦ 'ਪੁਰਖ' ਰੱਖਿਆ। ਕਰਤਾਰ ਰਚਨਹਾਰ ਹੈ ਜੋ ਰਚਨਾ ਰਚ ਕੇ ਰਾਜ ਮਿਸਤ੍ਰੀ ਵਾਂਗ ਅਲੱਗ ਨਹੀਂ ਜਾ ਬੈਠਦਾ, ਉਹ ਪੁਰਖ ਹੈ, ਕਰਤਾ ਹੋ ਕੇ ਅਪਣੀ ਕ੍ਰਿਤ ਵਿੱਚ ਵਿਆਪਕ ਹੈ।

ਕਰਤਾ ਪੁਰਖ ਅਪਣੀ ਕੁਦਰਤ ਵਿੱਚ ਵੱਖ ਵੱਖ ਹੁੰਦਾ ਹੋਇਆ ਵੀ ਵੱਖ ਨਹੀਂ ਹੈ, ਵਿੱਚੇ ਹੀ ਵਸ ਰਿਹਾ ਹੈ ਤੇ ਚਾਓ ਵਿੱਚ ਵਸ ਰਿਹਾ ਹੈ, ਪਰ ਸੁਤੰਤਰ ਹੈ।

ਨਿਰਭਓ : ਨਿਰਭਉ ਪਦ ਦੋ ਸ਼ਬਦਾਂ ਦੇ ਜੋੜ ਤੋਂ ਬਣਿਆ ਹੈ :

ਨਿਰ+ਭਉ, ਭਉ ਜਾਂ ਭੈਅ ਜਾਂ ਡਰ ਤੋਂ ਰਹਿਤ।

ਵਾਹਿਗੁਰੂ ਜੀ ਭਉ ਰਹਿਤ ਹਨ, ਉਸ ਨੂੰ ਹੋਰ ਕਿਸੇ ਦਾ ਡਰ ਨਹੀਂ ਹੈ।

ਭਉ ਉਦੋਂ ਪੈਦਾ ਹੁੰਦਾ ਹੈ ਜਦੋਂ ਕੋਈ ਹੋਰ ਵਿਅਕਤੀ ਜਾਂ ਸ਼ਕਤੀ ਅਪਣੇ ਤੋਂ ਵੱਡੀ ਸ਼ਕਤੀਸ਼ਾਲੀ ਹੋਵੇ ਜਾਂ ਉਸ ਦੇ ਬਰਾਬਰ ਦੀ ਹੋਵੇ। ਕਰਤਾ ਪੁਰਖ ਤੋਂ ਵੱਡਾ ਜਾਂ ਸ਼ਕਤੀਸ਼ਾਲੀ ਹੋਰ ਕੋਈ ਹੈ ਨਹੀਂ ਤਾਂ ਉਸ ਨੂੰ ਭਉ ਕਿਸ ਦਾ ? ਉਹ ਇੱਕੋ ਹੈ ਜੋ ਸਭ ਤੋਂ ਉਪਰ ਹੈ ਅਤੇ ਸਦਾ ਸਤਿ ਹੈ।

ਤਿਸ ਤੇ ਊਪਰਿ ਨਾਹੀ ਕੋਇ ॥ ਕਉਣੁ ਡਰੈ ਡਰੁ ਕਿਸ ਕਾ ਹੋਇ ॥ (ਅੰਗ-੮੪੨)

ਨਿਰਵੈਰ : ਨਿਰਵੈਰ ਪਦ ਵੀ ਦੋ ਸ਼ਬਦਾਂ ਦਾ ਜੋੜ ਹੈ : ਨਿਰ+ਵੈਰ

ਭਾਵ ਵੈਰ ਤੋਂ ਰਹਿਤ, ਦ੍ਵੈਸ ਦੁਸ਼ਮਣੀ ਤੋਂ ਸੱਖਣਾ।

ਅਕਾਲ ਪੁਰਖ ਨਿਰਭਉ ਹੋਣ ਕਰਕੇ ਉਸ ਨੂੰ ਕਿਸੇ ਕੋਲੋਂ ਕਿਸੇ ਕਿਸਮ ਦਾ ਡਰ ਜਾਂ ਭੈਅ ਨਹੀਂ। ਇਸ ਲਈ ਉਸ ਅੰਦਰ ਕਿਸੇ ਪ੍ਰਤੀ ਵੈਰ ਜਾਂ ਦੁਸ਼ਮਣੀ ਨਹੀਂ ਹੈ ਅਤੇ ਉਹ ਨਿਰਵੈਰ ਹੈ।

ਜਗਤ ਵਿੱਚ ਜੀਵ ਜੋ ਦੁੱਖ ਸੁੱਖ ਭੋਗਦੇ ਹਨ ਉਸ ਦੇ ਪਿੱਛੇ ਅਕਾਲ ਪੁਰਖ ਦੀ ਕੋਈ ਵੈਰ ਭਾਵਨਾ ਨਹੀਂ ਹੈ। ਦੁੱਖ ਸੁੱਖ ਜੀਵਾਂ ਦੇ ਕਰਮਾਂ ਦਾ ਫਲ ਹੈ।

ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥
ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥੨੧॥ (ਅੰਗ-੪੩੩)

ਅਕਾਲ ਮੂਰਤਿ : ਅਕਾਲ ਅਰਥਾਤ ਆ (ਨਹੀਂ)+ਕਾਲ (ਸਮਾਂ, ਮੌਤ ਜਾਂ ਅੰਤ)।

ਸੋ ਅਕਾਲ ਦਾ ਅਰਥ ਹੈ ਕਾਲ ਰਹਿਤ, ਸਮੇਂ ਤੋਂ ਪਰੇ, ਮੌਤ ਰਹਿਤ।

ਮੂਰਤਿ : ਸਰੂਪ, ਹੋਂਦ, ਹਸਤੀ।

ਸੋ ਅਕਾਲ ਮੂਰਤਿ ਦਾ ਅਰਥ ਹੋਇਆ : ਉਹ ਹੋਂਦ ਜਾਂ ਹਸਤੀ ਜੋ ਕਾਲ ਦੇ ਅਸਰ ਹੇਠ ਨਹੀਂ ਆਉਂਦੀ ਭਾਵ ਕਾਲ ਜਿਸ ਦਾ ਵਿਨਾਸ ਨਹੀਂ ਕਰ ਸਕਦਾ।

ਜਿਸ ਦਾ ਵੀ ਕਾਲ ਅੰਦਰ ਆਦਿ (ਜਨਮ) ਹੋਇਆ ਉਸ ਦਾ ਅੰਤ ਵੀ ਅਵੱਸ਼ ਹੈ। ਅਕਾਲ ਪੁਰਖ ਦਾ ਕੋਈ ਆਦਿ ਨਹੀਂ, ਉਹ ਅਨਾਦਿ ਹੈ ਅਤੇ ਨਾ ਹੀ ਉਸ ਦਾ ਅੰਤ ਹੈ। ਸ੍ਰਿਸ਼ਟੀ ਦਾ ਅੰਤ ਹੋ ਜਾਣ ਤੇ ਵੀ ਉਸ ਦੀ ਹੋਂਦ ਕਾਇਮ ਰਹੇਗੀ।

ਇਸ ਲਈ 'ਅਕਾਲ ਮੂਰਤਿ' ਦਾ ਭਾਵ ਹੈ ਉਹ ਹਸਤੀ ਜੋ ਕਾਲ-ਰਹਿਤ ਹੈ ਪਰ ਹੋਂਦ ਵਾਲੀ ਹੈ।

ਅਜੂਨੀ : ਅ+ਜੂਨੀ, ਅਕਾਲ ਪੁਰਖ ਅਜੂਨੀ ਹੈ, ਭਾਵ ਜਨਮ ਮਰਨ ਤੋਂ ਰਹਿਤ ਹੈ। ਉਹ ਜਨਮ ਮਰਨ ਤੋਂ ਸੁਤੰਤਰ ਹੈ।

ਸੰਸਾਰ ਦੇ ਸਾਰੇ ਜੀਵ ਜਨਮ ਮਰਨ ਦੇ ਦਾਇਰੇ ਵਿੱਚ ਹਨ।

ਸੈਭੰ : ਸ੍ਵਯੰਭੂ (ਸ੍ਵ-ਸ੍ਵਯੰ+ਭੰ-ਭੂ) ਅਪਣੇ ਆਪ ਤੋਂ ਹੋਣ ਵਾਲਾ ਜਿਸ ਦਾ ਪ੍ਰਕਾਸ਼ ਅਪਣੇ ਆਪ ਤੋਂ ਹੋਇਆ ਹੈ।

ਗੁਰ ਪ੍ਰਸਾਦਿ : ਗੁਰ-ਗੁਰ ਮੰਤ੍ਰ ਦਾਤਾ/ਦੀਖਯਤ ਕਰਨ ਵਾਲਾ। ਪ੍ਰਸਾਦਿ-ਕਿਰਪਾ, ਮਿਹਰ।

ਸੋ ਗੁਰ ਪ੍ਰਸਾਦਿ- ਗੁਰੂ ਦੇ ਪ੍ਰਸਾਦਿ ਨਾਲ, ਗੁਰੂ ਦੀ ਕ੍ਰਿਪਾ ਨਾਲ ਭਾਵ ਅਕਾਲ ਪੁਰਖ ਗੁਰੂ ਦੀ ਕ੍ਰਿਪਾ ਨਾਲ ਮਿਲਦਾ ਹੈ।

ਸੋ ਮੂਲ ਮੰਤਰ ਦੇ ਅਰਥ : 'ਅਕਾਲ ਪੁਰਖ ਇੱਕ ਹੈ ਜਿਸ ਦਾ ਨਾਮ ਹੋਂਦ ਵਾਲਾ ਹੈ, ਜੋ ਸ੍ਰਿਸ਼ਟੀ ਦਾ ਰਚਨਹਾਰ ਹੈ, ਜੋ ਸਭ ਵਿੱਚ ਅਤੇ ਸਭ ਥਾਵਾਂ ਤੇ ਵਿਆਪਕ ਹੈ, ਭੈਅ ਅਥਵਾ ਡਰ ਤੋਂ ਰਹਿਤ ਹੈ, ਵੈਰ-ਰਹਿਤ ਹੈ, ਜੋ ਕਾਲ ਤੋਂ ਪਰੇ ਹੈ ਭਾਵ ਜਨਮ ਮਰਨ ਵਿੱਚ ਨਹੀਂ, ਜੋ ਜੂਨਾਂ ਵਿੱਚ ਨਹੀਂ ਆਉਂਦਾ, ਜਿਸ ਦਾ ਪ੍ਰਕਾਸ਼ ਅਪਣੇ ਆਪ ਤੋਂ ਹੋਇਆ ਹੈ ਅਤੇ ਜੋ ਸਤਿਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਹੁੰਦਾ ਹੈ।'

ਮੂਲ ਮੰਤਰ ਸਿੱਖ ਧਰਮ ਦਾ ਮੂਲ ਅਧਾਰ ਹੈ। ਇਹ ਸਮੁੱਚੀ ਗੁਰਬਾਣੀ ਦਾ ਸਾਰ ਹੈ, ਤੱਤ ਹੈ। ਮੂਲ ਮੰਤਰ ਵੀ ਜਾਪ ਵਾਸਤੇ ਹੈ :

ਮੂਲ ਮੰਤ੍ਰੁ ਹਰਿ ਨਾਮੁ ਰਸਾਇਣੁ ਕਹੁ ਨਾਨਕ ਪੂਰਾ ਪਾਇਆ ॥੫॥ (ਅੰਗ-੧੦੪੦)

ਸਤਿ ਨਾਮੁ ਕਰਤਾ ਪੁਰਖੁ ਮੂਲ ਮੰਤ੍ਰੁ ਸਿਮਰਣੁ ਪਰਵਾਣੈ । (ਵਾਰ ੬, ਪਉੜੀ ੧੯)

ਅੰਮ੍ਰਿਤ ਛਕਾਉਣ ਸਮੇਂ ਗੁਰਮੰਤਰ ਦੇ ਨਾਲ ਨਾਲ ਮੂਲ ਮੰਤ੍ਰ ਦੇ ਜਾਪ ਦੀ ਵੀ ਤਾਕੀਦ

ਕੀਤੀ ਜਾਂਦੀ ਹੈ॥

ਬੀਜ ਮੰਤਰ : 'ੴ' ਤੋਂ ਲੈ ਕੇ 'ਗੁਰ ਪ੍ਰਸਾਦਿ' ਤੱਕ ਨੂੰ ਮੂਲ ਮੰਤਰ ਕਿਹਾ ਜਾਂਦਾ ਹੈ। ਹਰ ਮੂਲ (ਤਣਾਂ) ਇੱਕ ਬੀਜ ਤੋਂ ਪੈਦਾ ਹੁੰਦਾ ਹੈ। ਇਸ ਲਈ ਮੂਲ ਮੰਤਰ ਦੇ ਸ਼ੁਰੂ ਵਿੱਚ 'ੴ' ਨੂੰ ਬੀਜ ਮੰਤਰ ਕਿਹਾ ਜਾਂਦਾ ਹੈ। ਜਿਸ ਪ੍ਰਕਾਰ ਇੱਕ ਬੀਜ ਤੋਂ ਇੱਕ ਬਹੁਤ ਵੱਡਾ ਦਰੱਖਤ ਪੈਦਾ ਹੋ ਜਾਂਦਾ ਹੈ। ਜਿਸ ਦਾ ਤਣਾਂ ਹੈ, ਟਾਹਣੀਆਂ ਹਨ, ਪੱਤੇ ਹਨ, ਫੁੱਲ-ਫੱਲ ਹਨ। ਇਸੇ ਪ੍ਰਕਾਰ 'ੴ' ਬੀਜ ਮੰਤਰ ਤੋਂ ਹੀ ਹੋਰ ਮੰਤਰਾਂ ਦਾ ਵਿਸਥਾਰ ਹੋਇਆ ਹੈ ਅਤੇ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ 'ੴ' (ਵਾਹਿਗੁਰੂ) ਦੀ ਹੀ ਵਿਆਖਿਆ ਹੈ।

ਭਾਈ ਸਾਹਿਬ ਭਾਈ ਵੀਰ ਸਿੰਘ ਜੀ ਅਨੁਸਾਰ 'ਮੂਲ ਮੰਤ੍ਰ' ਦੇ ਆਰੰਭ ਵਿੱਚ ਬੀਜ ਮੰਤਰ ਇਹੋ 'ੴ' ਲਿਖਿਆ ਹੋਣ ਕਰਕੇ ਮੂਹਰਲਾ ਨਾਮ ਇਹੋ ਹੋਇਆ। ਸੋ ਮੂਲ ਮੰਤ੍ਰ ਦੁਆਰਾ ਜਦ ਰੱਬ ਜੀ ਦੀ ਉਪਾਸਨਾ ਕੀਤੀ ਜਾਂਦੀ ਹੈ ਤਾਂ 'ੴ' ਉਸ ਦੇ ਮੁੱਢ ਵਿੱਚ ਹੋਣ ਕਰਕੇ ਇਸ ਦਾ ਜਪ, ਪਾਠ, ਸਿਮਰਨ ਆਪ ਹੀ ਹੋ ਜਾਂਦਾ ਹੈ।

ਅੰਮ੍ਰਿਤ ਛਕਾਉਣ ਸਮੇਂ ਮੂਲ ਮੰਤ੍ਰ ਦਾ ਪਾਠ ਕਰਾਇਆ ਜਾਂਦਾ ਹੈ। ਉਸ ਵਿੱਚ 'ੴ' ਦਾ ਪਾਠ ਆਪ ਹੀ ਆ ਜਾਂਦਾ ਹੈ। ਸੋ ਗੁਰਮਤਿ ਵਿੱਚ ਇਹ ਬੀਜ ਮੰਤਰ ਹੈ ਤੇ ਮੂਲ ਮੰਤ੍ਰ ਦਾ ਮੁੱਢ ਹੈ ਤੇ ਉਪਾਸ਼ਨਾ ਵਿੱਚ ਸ਼ਾਮਲ ਹੈ। (ਸੰਥਿਆ-ਜਪੁਜੀ ਸਾਹਿਬ)

ਬੀਜ ਮੰਤ੍ਰੁ ਹਰਿ ਕੀਰਤਨੁ ਗਾਉ ॥ ਆਗੈ ਮਿਲੀ ਨਿਥਾਵੇ ਥਾਉ ॥
ਗੁਰ ਪੂਰੇ ਕੀ ਚਰਣੀ ਲਾਗੁ ॥ ਜਨਮ ਜਨਮ ਕਾ ਸੋਇਆ ਜਾਗੁ ॥੧॥ (ਅੰਗ-੮੯੧)

-o-o-o-


ਸੰਸਥਾ 'ਗੁਰਬਾਣੀ ਇਸੁ ਜਗ ਮਹਿ ਚਾਨਣੁ'

ਭਵਨ ਨੰ.6, ਫੇਜ 3-ਏ, ਐਸ.ਏ.ਐਸ.ਨਗਰ (ਮੋਹਾਲੀ) ਵਿਖੇ,

**ਮਹੀਨਾ ਵਾਰੀ ਗੁਰਮਤਿ ਸਮਾਗਮ**

**ਦੂਜਾ ਸਨੀਵਾਰ 13 ਜੁਲਾਈ 2024 ਨੂੰ**

10.00 ਤੋਂ 01.00 ਵਜੇ ਦੁਪਹਿਰ ਤਕ

ਸ਼ਬਦ-ਕੀਰਤਨ ਅਤੇ ਸ਼ਬਦ-ਵੀਚਾਰ ਹੋਵੇਗੀ।

ਸਤਿਸੰਗ ਵਿੱਚ ਦਰਸ਼ਨ ਦੇ ਕੇ ਲਾਭ ਉਠਾਓ ਜੀ।

**ਗੁਰੂ ਕਾ ਲੰਗਰ ਅਤੁੱਟ ਵਰਤੇਗਾ।**

# ਚਿੰਤਤ ਹੀ ਦੀਸੈ ਸਭੁ ਕੋਇ ॥

-ਸ.ਹਰੀ ਸਿੰਘ ਕੁਵੈਤ ਵਾਲੇ

ਸਾਨੂੰ ਅਨੇਕ ਪ੍ਰਕਾਰ ਦੀਆਂ ਚਿੰਤਾਵਾਂ ਸਤਾਂਉਦੀਆਂ ਰਹਿੰਦੀਆਂ ਹਨ। ਕੋਈ ਚੀਜ਼ ਅੱਜ ਪਾਸ ਹੈ ਪਰ ਡਰ ਹੈ ਕਿ ਕਿਤੇ ਕੱਲ ਨੂੰ ਕਿਤੇ ਸਾਥੋਂ ਖੁਸ ਨਾ ਜਾਵੇ। ਅੱਜ ਜਵਾਨ ਹਾਂ ਤੇ ਕੱਲ ਬੁਢਾਪਾ ਆਉਣ ਦਾ ਡਰ ਹੈ। ਅੱਜ ਆਰੋਗ ਹਾਂ ਕੱਲ ਬਿਮਾਰੀ ਆ ਕੇ ਤੰਗ ਕਰ ਸਕਦੀ ਹੈ। ਐਸੀਆਂ ਛੋਟੀਆਂ ਜਾਂ ਵੱਡੀਆਂ ਚਿੰਤਾਂਵਾਂ ਵਿੱਚ ਅਸੀਂ ਦਿਨ ਰਾਤ ਡੁੱਬੇ ਰਹਿੰਦੇ ਹਾਂ।

ਚਿੰਤਾ ਦਾ ਅਸਲੀ ਕਾਰਨ ਵਾਸ਼ਨਾਵਾਂ ਹੁੰਦੀਆਂ ਹਨ। ਵਾਸ਼ਨਾਵਾਂ ਅਣਗਣਿਤ ਹਨ ਤੇ ਇਨ੍ਹਾਂ ਦੇ ਵੱਧਣ ਨਾਲ ਸਾਡੀਆਂ ਚਿੰਤਾਵਾਂ ਵੀ ਵੱਧਦੀਆਂ ਰਹਿੰਦੀਆਂ ਹਨ। ਜਿਵੇਂ ਦਰਖਤ ਦੇ ਪੱਤਿਆਂ ਦਾ ਕੋਈ ਹਿਸਾਬ ਨਹੀਂ ਹੁੰਦਾ ਤਿਵੇਂ ਇਨ੍ਹਾਂ ਦਾ ਵੀ ਕੋਈ ਅੰਤ ਨਹੀਂ ਪਾਇਆ ਜਾ ਸਕਦਾ। ਇੱਕ ਚਿੰਤਾ ਹਟੀ ਤਾਂ ਦੂਜੀ ਆ ਪੈਰ ਪਸਾਰਦੀ ਹੈ।

ਇਨ੍ਹਾਂ ਸਾਰੀਆਂ ਚਿੰਤਾਂਵਾਂ ਦਾ ਇੱਕੋ ਹੀ ਇਲਾਜ ਹੈ ਕਿ ਸਾਨੂੰ ਵਰਤਮਾਨ ਵਿੱਚ ਜੀਵਨ ਬਤੀਤ ਕਰਨ ਦੀ ਜਾਚ ਆ ਜਾਵੇ। ਬੱਸ ! ਅਸੀਂ ਸਦਾ ਵਰਤਮਾਨ ਦੇ ਬੀਤ ਰਹੇ ਪੱਲ ਵਿੱਚ ਹੀ ਰਹੀਏ। ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਚਿੰਤਾ ਬਾਰੇ ਮਹਾਨ ਬਚਨ ਹੈ:-

ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ ॥
ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ ॥ (ਅੰਗ-੧੪੨੯)

ਜ਼ਰਾ ਸੋਚੀਏ ਤਾਂ ਚਿੰਤਾ ਤਾਂ ਤੱਦ ਹੋਣੀ ਚਾਹੀਦੀ ਹੈ ਜੇਕਰ ਅਣਹੋਨੀ ਹੋ ਸਕਦੀ ਹੋਵੇ। ਸੱਚ ਜਾਣੋ ਕਿ ਅਣਹੋਨੀ ਤਾਂ ਕਦੇ ਹੁੰਦੀ ਹੀ ਨਹੀ, ਜੋ ਵੀ ਹੋਣਾ ਹੈ ਧੁਰ ਤੋਂ ਹੀ ਤਹਿ ਹੈ ਤੇ ਉਹੀ ਹੁੰਦਾ ਹੈ।

ਅਸੀਂ ਭਾਵੇਂ ਆਪਣੇ ਵੱਲੋਂ ਲੱਖ ਯਤਨ ਕਰਕੇ ਵੇਖ ਲਈਏ, ਜੋ ਹੋਣਾ ਹੈ ਉਹ ਹਰ ਹਾਲਤ ਵਿੱਚ ਹੋ ਕੇ ਰਹੇਗਾ। ਪ੍ਰਕਿਰਤੀ ਦਾ ਅਟਲ ਨਿਯਮ ਹੈ ਕਿ ਇੱਕ ਦਿਨ ਲਾਜ਼ਮੀ ਬਚਪਨ ਤੋਂ ਜਵਾਨੀ, ਜਵਾਨੀ ਤੋਂ ਬੁਢੇਪਾ ਅਤੇ ਫਿਰ ਇੱਕ ਦਿਨ ਮੌਤ ਆਉਣੀ ਹੈ। ਇਸ ਵਿੱਚ ਸਾਡਾ ਕੀਤਾ ਕੁੱਝ ਨਹੀਂ ਹੋ ਸਕਦਾ। ਇਸ ਲਈ ਜੋ ਵੀ ਪਰਮਾਤਮਾ ਦੇ ਹੁਕਮ ਅੰਦਰ ਭਾਣਾ ਵਰਤ ਰਿਹਾ ਹੈ ਉਸ ਨੂੰ ਖਿੜੇ ਮੱਥੇ ਪ੍ਰਵਾਨ ਕਰਨ ਨਾਲ ਸਾਡੀਆਂ ਸਾਰੀਆਂ ਚਿੰਤਾਵਾਂ ਇੱਕ ਛਿਨ ਵਿੱਚ ਸਮਾਪਤ ਹੋ ਜਾਣਗੀਆਂ। ਇਸ ਬਾਰੇ ਸੁਖਮਨੀ ਸਾਹਿਬ ਦਾ ਕਰਤਾ ਵਿਸ਼ਵਾਸ ਦਿਵਾਉਦਾ ਹੈ :-

ਜੋ ਹੋਆ ਹੋਵਤ ਸੋ ਜਾਨੈ ॥ ਪ੍ਰਭ ਅਪਨੇ ਕਾ ਹੁਕਮੁ ਪਛਾਨੈ ॥ (ਅੰਗ-੨੮੬)

ਹੋਰ ਅੱਜ ਤੱਕ ਸਭ ਉਸ ਪਰਮਾਤਮਾ ਦੇ ਹੁਕਮ ਅੰਦਰ ਹੋਇਆ ਹੈ। ਇਸੇ ਤਰ੍ਹਾਂ ਜੋ ਹੁਣ ਹੋ ਰਿਹਾ ਹੈ ਜਾਂ ਅੱਗੋਂ ਹੋਵੇਗਾ, ਉਸ ਬਾਰੇ ਸਾਡੇ ਜਾਂ ਕਿਸੇ ਹੋਰ ਦੇ ਹੱਥ ਵਿੱਚ ਕੁੱਝ ਵੀ

ਨਹੀ ਹੈ। ਇਸ ਲਈ ਸਾਨੂੰ ਚਿੰਤਾ ਜਾਂ ਫਿਕਰ ਕਰਨ ਦੀ ਕੋਈ ਲੋੜ ਨਹੀਂ ਹੈ। ਚਿੰਤਾ ਕਰਤੇ ਨੂੰ ਹੋਵੇਗੀ ਜੋ ਇਸ ਜਗਤ ਦੀ ਰਚਨਾ ਦਾ ਮਾਲਕ ਹੈ ਤੇ ਇਸ ਦੀ ਸੁੱਚਜੇ ਢੰਗ ਨਾਲ ਸੰਭਾਲ ਕਰ ਰਿਹਾ ਹੈ:-

ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੇਇ ॥
ਜਲ ਮਹਿ ਜੰਤ ਉਪਾਇਅਨੁ ਤਿਨਾ ਭਿ ਰੋਜੀ ਦੇਇ ॥ (ਅੰਗ-੯੫੫)

ਕਈ ਵਾਰ ਅਸੀਂ ਵੱਡੇ ਲੋਕਾਂ ਦੇ ਬਾਹਰਲੇ ਸਾਜੋ ਸਮਾਨ ਵੇਖ ਕੇ ਮੰਨ ਲੈਂਦੇ ਹਾਂ ਕਿ ਇਨ੍ਹਾਂ ਪਾਸ ਤਾਂ ਜੀਵਨ ਬਤੀਤ ਕਰਨ ਦੇ ਸਭ ਸੁੱਖ ਹਨ। ਇਸ ਲਈ ਇਨ੍ਹਾਂ ਨੂੰ ਕੋਈ ਚਿੰਤਾ ਨਹੀਂ ਹੋਵੇਗੀ। ਪਰ ਗੁਰਬਾਣੀ ਇਸ ਨੂੰ ਸਚ ਨਹੀਂ ਮੰਨਦੀ :-

ਵਡੇ ਵਡੇ ਜੋ ਦੀਸਹਿ ਲੋਗ ॥ ਤਿਨ ਕਉ ਬਿਆਪੈ ਚਿੰਤਾ ਰੋਗ ॥੧॥ (ਅੰਗ-੧੯੮)

ਵੇਖੋ, ਚਿੰਤਾ ਰਹਿਤ ਜੀਵਨ ਤਾਂ ਮਨ ਦੀ ਇੱਕ ਅਵਸਥਾ ਹੈ ਜਿਸ ਦਾ ਗਰੀਬੀ ਜਾਂ ਅਮੀਰੀ ਨਾਲ ਕੋਈ ਸੰਬੰਧ ਨਹੀਂ। ਇਹ ਅਵਸਥਾ ਕਿਸੇ ਗਰੀਬ ਉੱਪਰ ਵੀ ਉਨੀ ਆ ਸਕਦੀ ਹੈ ਜਿਨੀ ਕਿਸੇ ਅਮੀਰ ਉੱਪਰ।

ਵੇਖੀਏ ਤਾਂ ਅਸੀਂ ਇਸ ਜਗਤ ਵਿੱਚ ਇੱਕ ਮੁਸਾਫਰ ਹਾਂ ਤੇ ਸਾਡੀਆਂ ਮਹਿਲ-ਮਾੜੀਆਂ ਇੱਕ ਸਰਾਂ ਵਾਂਗੂ ਤੇ ਸਾਰਾ ਪਰਿਵਾਰ ਇਸ ਸਰਾਂ ਵਿੱਚ ਰਹਿਣ ਵਾਲੇ ਮੁਸ਼ਾਫਰ ਹਾਂ ਤੇ ਪਤਾ ਨਹੀਂ ਸਾਡਾ ਇਨ੍ਹਾਂ ਸਭ ਨਾਲ ਕਿਸੇ ਵੇਲੇ ਵੀ ਵਿਛੋੜਾ ਹੋ ਸਕਦਾ ਹੈ। ਇਸ ਲਈ ਜੋ ਸਾਡਾ ਅਸਲੀ ਸੱਚਾ ਸਾਥੀ ਪਰਮਾਤਮਾ ਹੈ ਉਸ ਨਾਲ ਜੁੜਨ ਦਾ ਉੱਦਮ ਕਰੀਏ ਤਾਂ ਜੋ ਉਹ ਸਾਡੀਆਂ ਸਾਰੀਆਂ ਚਿੰਤਾਵਾਂ ਦਾ ਅੰਤ ਕਰ ਸਕੇ। ਜਿਵੇਂ :-

ਚਿੰਤਤ ਹੀ ਦੀਸੈ ਸਭੁ ਕੋਇ ॥ ਚੇਤਹਿ ਏਕੁ ਤਹੀ ਸੁਖੁ ਹੋਇ ॥ (ਅੰਗ-੯੩੨)

-0-0-0-


ਬੇਨਤੀ-ਸੰਸਥਾ ਦੇ ਕਾਰਜਾਂ ਨੂੰ ਨਿਰਵਿਘਨਤਾ ਨਾਲ ਚਲਾਉਂਣ ਲਈ ਆਪਣਾ ਦਸਵੰਧ ਕੱਢੋ ਜੀ ।

**A/C Name : Gurbani Iss Jag Meh Chanan**
**Bank Name : Panjab National Bank (Phase-1, Mohali)**
**Bank A/c No : 1155000100132409**
**IFSC Code : PUNB0040810**

ਸੰਸਥਾ ਦੇ ਕਾਰਜਾਂ ਲਈ ਸਹਾਇਤਾ ਭੇਜਣ ਲਈ
PAYTM/GPAY ਲਈ QR Code

SCAN & PAY
9815650812m@pnb
MERCHANT: GURBANI ISS JAG MEH CHANAN

# ਸੰਸਥਾ ਦੇ ਕਾਰਜਾਂ ਲਈ ਸੰਗਤਾਂ ਵਲੋਂ ਮਈ-2024 ਵਿੱਚ ਆਈ ਸਹਾਇਤਾ।

ਜਰਨਲ : ਸ.ਰਵਿੰਦਰ ਸਿੰਘ ੫੦੦/-, ਬੀਬੀ ਜਸਭਿੰਦਰ ਕੌਰ ੫੦੦੦/-, ਸ.ਸਵਰਨ ਸਿੰਘ ੨੦੦੦/-, ਸ.ਜਸਵਿੰਦਰ ਸਿੰਘ ੫੦੦/-, ਸੁਖਮਨੀ ਸੇਵਾ ਸੁਸਾਇਟੀ ੫੦੦੦੦/-, ਸ.ਬਲਦੇਵ ਸਿੰਘ ੧੦੦੦/-, ਬੀਬੀ ਹਰਜਿੰਦਰ ਕੌਰ ੫੦੦੦/-, ਸ.ਸੁਖਬੰਸ ਸਿੰਘ ੫੦੦/-, Alleu ਆਟੋ ੨੫੦੦/-, ਸ.ਪਰਮਜੀਤ ਸਿੰਘ ੧੦੦੦/-, ਸ.ਮਨਜੀਤ ਸਿੰਘ ੨੦੦/-, ਸ.ਨਵਰੰਗ ਸਿੰਘ ੧੦੦/-, ਸ.ਭੁਪਿੰਦਰ ਸਿੰਘ ੧੦੦/-, ਗੁਪਤ ੧੦੦/-, ਸ.ਓਮਰਾਓ ਸਿੰਘ ੫੦੦/-, ਸ.ਗਿਆਨ ਸਿੰਘ ੨੦੦/-, ਸ.ਸੁਰਜੀਤ ਸਿੰਘ ੫੦੦੦/-, ਸ.ਗੁਰਬਚਨ ਸਿੰਘ ੧੦੦੦/-, ਬੀਬੀ ਹਰਜਿੰਦਰ ਕੌਰ ੧੦੦੦੦/-, ਸ.ਬਲਵਿੰਦਰ ਸਿੰਘ ੧੦੦੦/-, ਸ.ਇੰਦਰਪਾਲ ਸਿੰਘ ੫੦੦/-, ਗੁਪਤ ੫੦੦/-, ਸ.ਦੀਪਜੋਤ ਸਿੰਘ ੫੦੦/-, ਬੀਬੀ ਅਮੋਲ ਕੌਰ ੫੦੦/-, ਸ.ਗੁਲਜਾਰ ਸਿੰਘ ੧੦੦੦/-, ਬੀ.ਕੇ.ਫੈਸ਼ਨ ੧੦੦/-, ਸ.ਦਲਜੀਤ ਸਿੰਘ ੫੦੦/-, # ੦੧, ਫੇਜ ੩-ਏ=੨੦੦/-, ਸ.ਹਰਿੰਦਰ ਸਿੰਘ ੧੦੦੦/-, ਸ.ਲੱਛਮਣ ਸਿੰਘ ੧੦੦/-, ਬੀਬੀ ਵਰਿੰਦਰਜੀਤ ਕੌਰ ੧੦੦੦/-, ਬੀਬੀ ਅਜਮੇਰ ਕੌਰ ੨੦੦/-, ਸ.ਸਵਰਨਜੀਤ ਸਿੰਘ ੧੦੦੦/-, ਬੀਬੀ ਇੰਦਰਜੀਤ ਕੌਰ ੫੦੦/-, ਸ.ਜੋਤਬੀਰ ਸਿੰਘ ੫੦੦/-, ਸ.ਅਨਮੋਲਦੀਪ ਸਿੰਘ ੫੦੦/-, ਸ.ਕੁਲਦੀਪ ਸਿੰਘ ੧੦੦/-, ਸ.ਅਜਮੇਰ ਸਿੰਘ ੧੦੦੦/-, ਬੀਬੀ ਵਰਿੰਦਰ ਕੌਰ ੩੪੦/-, ਸ.ਲਵਪ੍ਰੀਤ ਸਿੰਘ ੨੦੦੦/-, ਸ.ਸਤਪਾਲ ਸਿੰਘ ੫੦੦/-, ਸ.ਕੁਲਦੀਪ ਸਿੰਘ ੧੦੦੦/-, ਸ.ਰਘੁਨੰਦਨ ਸਿੰਘ ੫੦/-, ਮਜੈਸਟਿਕ ਪ੍ਰਿੰਟਿੰਗ ਪ੍ਰੈਸ ੧੦੦੦/- ਆਨਲਾਇਨ : ਸ.ਰਨਬੀਰ ਸਿੰਘ ੫੦੦/-, ਸ.ਪਦਜੀਤ ਸਿੰਘ ੫੦/-, ਸ.ਰਣਜੀਤ ਸਿੰਘ ੧੦੧/-, ਸ.ਚੰਨਕੰਵਲ ਸਿੰਘ ੫੯੪੬/-, ਸ.ਗੁਰਸ਼ਰਨ ਸਿੰਘ ੧੦੦/-, ਗੁਪਤ ੨੫੦/-, ਸ.ਜਗਰਾਜ ਸਿੰਘ ੫੦੦/-, ਸ.ਸਰਨਜੀਤ ਸਿੰਘ ੧੬੦੦/-, ਸ.ਪਰਮਿੰਦਰ ਸਿੰਘ ੨੦੦੦/-, ਗੁਪਤ ੨੦੧/-, ਸ.ਭੁਪਿੰਦਰ ਸਿੰਘ ੫੦੦/-, ਸ.ਦਵਿੰਦਰ ਸਿੰਘ ੧੦੦/-, ਗੁਪਤ ੧੦੦/-, ਗੁਪਤ ੫੦੦/-, ਸ.ਤਲਵਿੰਦਰ ਸਿੰਘ ੧੦੦੦/-, ਸ੍ਰੀ.ਐਮ.ਐਸ.ਖੇਲ ੫੨੦/-, ਸ.ਕੁਲਦੀਪ ਸਿੰਘ ੧੦੧/-, ਸ.ਹਰਨੇਕ ਸਿੰਘ ੫੦੦/-, ਸ.ਗੁਰਪ੍ਰੀਤ ਸਿੰਘ ੬੦੩੭/- ਗੁਪਤ ੨੦੦+੬੦੨੯/-, ਸ.ਸੰਤੋਖ ਸਿੰਘ ੫੦੦/-, ਗੁਪਤ ੫੦੧/-,ਜਿਲਾ ਅੰਮ੍ਰਿਤਸਰ : ਚੋਗਾਵਾਂ ਦੀ ਸੰਗਤ ਵਲੋਂ : ਫੌਜੀ ਹਾਰਡਵੇਅਰ ੧੦੦/-, ਡਾ.ਬਲਬੀਰ ਸਿੰਘ ੫੦/-, ਸ੍ਰੀ.ਬੱਬੂ (ਲਾਲ ਕਾਰ ਵਾਲੇ) ੬੦/-, ਭਾਟੀਆ ਗਾਰਮੈਂਟਸ ੩੦/-, ਡਾ.ਜਗਨ ਨਾਥ ੨੦/-, ਗੁਰਸ਼ਰਨ ਟੇਲਰਜ਼ ੨੦/-, ਸ.ਦਲਜੀਤ ਸਿੰਘ ੧੦/-, ਸ.ਜਸਬੀਰ ਸਿੰਘ ੧੦/-, ਖਾਲਸਾ ਜਨਰਲ ਸਟੋਰ ੨੦/-, ਸ.ਰਣਜੀਤ ਸਿੰਘ ੨੦੦/-, (ਮੋਹਾਲੀ) : ਸ.ਸ਼ੇਰ ਸਿੰਘ ਫੇਜ ੬ ਰਾਹੀਂ : ਸ.ਮਹਿੰਦਰ ਸਿੰਘ ੫੦੦/-, ਸ.ਬਰਿੰਦਰ ਸਿੰਘ ਸੈਕਟਰ ੧੧ ਰਾਹੀਂ : ਸ.ਗੁਰਦਿਆਲ ਸਿੰਘ ੧੦੦/-, ਸ.ਤੇਜਪਾਲ ਸਿੰਘ ੧੦੦/-, ਜਗਜੀਤ ਕੈਮਿਸਟ ੧੦੦/-, ਸ.ਅਮਰਜੀਤ ਸਿੰਘ ੧੦੦/-, ਸ.ਤਰਸੇਮ ਸਿੰਘ ੫੦/-, ਜਨਤਾ ਆਟਾ ਚੱਕੀ ੧੦੦/-, ਸ.ਇੰਦਰ ਸਿੰਘ ੧੦੦/-, ਸ.ਗੁਰਸ਼ਰਨਜੀਤ ਸਿੰਘ ੫੦੦/-, ਸ.ਤੇਜਪਾਲ ਸਿੰਘ ੧੦੦/-, ਸ.ਗੁਰਮੀਤ ਸਿੰਘ ਸੈਕਟਰ ੨੯ ਰਾਹੀਂ : ਸ.ਭਾਗ ਸਿੰਘ ੧੦੦/-, ਸ.ਹਰਿੰਦਰ ਸਿੰਘ ੫੦੦/-, ਸ.ਗੁਰਮੀਤ ਸਿੰਘ ੧੦੦੦/-, ਸ.ਜੋਗਾ ਸਿੰਘ ੫੦੦/-, ਸ.ਰੁਪਿੰਦਰ ਸਿੰਘ ੧੦੦/-, ਸ੍ਰੀ.ਐਚ.ਐਸ.ਰੱਖੜਾ ੧੦੦/-, ਸ.ਸੁੱਚਾ ਸਿੰਘ ੫੦੦/-, (ਚੰਡੀਗੜ੍ਹ) : ਸ.ਜਰਨੈਲ ਸਿੰਘ ੨੨ ਰਾਹੀਂ : ਸ.ਮਨਜੀਤ ਸਿੰਘ ੫੦੦/-, ਸ.ਨਾਰੰਗ ਸਿੰਘ ੧੦੦/-, ਸ.ਭੁਪਿੰਦਰ ਸਿੰਘ ੧੦੦/-, ਸ.ਅਵਤਾਰ ਸਿੰਘ ਸੈਕਟਰ ੩੫ ਰਾਹੀਂ : ਸ.ਗੁਰਪ੍ਰਮੀਤ ਸਿੰਘ ੫੦੦/-, ਸ.ਸਰਬਜੀਤ ਸਿੰਘ ੧੦੦/-, ਸ.ਅਮਰਜੀਤ ਸਿੰਘ ੧੦੦/-, ਸ.ਰਾਜਿੰਦਰ ਸਿੰਘ ੧੦੦/-, ਸ.ਗੁਰਕੰਵਲ ਸਿੰਘ ੨੦੦/-, ਗੁਪਤ ੫੦੦/-, ਸ.ਰਘਬੀਰ ਸਿੰਘ ਸੈਕਟਰ ੩੭, ੩੮ ਰਾਹੀਂ : ਸ.ਸੁਮੀਤ ਸਿੰਘ ੫੦੦/-, ਸ.ਜਗਜੀਤ ਸਿੰਘ ੧੦੦/-, ਸ.ਸੋਹਨ ਸਿੰਘ ੨੦੦/-, ਸ.ਐਮ.ਪੀ.ਸਿੰਘ ੧੦੦/-, ਸ.ਵਰਿੰਦਰ ਸਿੰਘ ੫੦੦/-, ਸ.ਧਰਮਪ੍ਰੀਤ ਸਿੰਘ, ਸ.ਏਕਮਜੀਤ ਸਿੰਘ ੧੦੦੦/-, ਸ.ਸਾਧੂ ਸਿੰਘ ੨੦੦/-, ਬੀਬੀ ਸਹਿਜ ਕੌਰ ੧੦੦/-, ਸ.ਲਵਪ੍ਰੀਤ ਸਿੰਘ ੫੦/-, ਸ.ਰਘਬੀਰ ਸਿੰਘ ੧੦੦੦/-, ਸ.ਬਲਿਹਾਰ ਸਿੰਘ ਸੈਕਟਰ ੪੪ ਰਾਹੀਂ : ਸ.ਦਿਲਾਵਰ ਸਿੰਘ ੧੦੦/-, ਸਰਦਾਰਨੀ ਸਿੱਧੂ ੨੦੦/-, ਸ.ਰਤਨ ਸਿੰਘ ੧੦੦/-, ਸ.ਬਲਿਹਾਰ ਸਿੰਘ ੫੦੦/-, ਡਾ.ਸਵਿੰਦਰ ਸਿੰਘ ੩੦੦/-, ਸ.ਹਰਜਿੰਦਰ ਸਿੰਘ ਸੈਕਟਰ ੪੬ ਰਾਹੀਂ : ਬੀਬੀ ਦਲਜੀਤ ਕੌਰ ੫੦/-, ਸ੍ਰੀ.ਸ਼ਰਮਾ ਪਰਿਵਾਰ ੧੦੦/-, ਸ੍ਰੀ.ਗੁਲਾਟੀ ਪਰਿਵਾਰ ੧੦੦/-, ਸ.ਪਰਮਜੀਤ ਸਿੰਘ ੧੦੦/-, ਸ.ਜਗਿੰਦਰ ਸਿੰਘ ੧੦੦/-, ਸ.ਚਰਨ ਸਿੰਘ ੧੦੦੦/-, ਗੁਪਤ ੧੦੦/-, ਸ.ਹਰਭਿੰਦਰ ਸਿੰਘ ੪੫੦/- , ਗਿਆਨੀ ਮਨਜੀਤ ਸਿੰਘ ਰਾਹੀਂ : ਸ.ਤ੍ਰਿਲੋਚਨ ਸਿੰਘ ੮੦੦/-, ਸ.ਬਲਦੇਵ ਸਿੰਘ ੨੦੦/-, ਬੀਬੀ ਰਤਨ ਕੌਰ

੫੦੦/-, ਸ.ਨਛਤਰ ਸਿੰਘ ੫੦੦/-, ਬੀਬੀ ਬਲਦੇਵ ਕੌਰ ੧੦੦/-, ਸ.ਕੁਲਦੀਪ ਸਿੰਘ ੨੦/-, ਗੁਪਤ ੫੦/-, ਦੁਆਬਾ ਫੈਸ਼ਨ ੧੦੦/-, ਸ.ਮਨਜੀਤ ਸਿੰਘ ੩੦/-, ਸ.ਜੋਗਿੰਦਰ ਸਿੰਘ ੩੦/-, ਸ.ਜੋਗਿੰਦਰ ਸਿੰਘ ੫੦/-, ਸ.ਪ੍ਰਿਤਪਾਲ ਸਿੰਘ ੧੦੦/-, ਚੋਹਾਨ ਜਿਊਲਰਜ਼ ੧੦੦/-, ਮਿਲਨ ਸ਼ਾਪ ੫੦/-, ਗੁਪਤ ੧੦੦/-, ਸ.ਹਰਬੰਸ ਸਿੰਘ ੫੦/-, ਸ.ਸੁਖਮਿੰਦਰ ਸਿੰਘ ੧੦੦/-, ਬੀਬੀ ਅੰਮ੍ਰਿਤ ਕੌਰ ੧੦੦੦/-, ਸ.ਹਰਸਰਨ ਸਿੰਘ ੧੦੦/-, ਸ.ਮਾਨ ਸਿੰਘ ੨੦੦/-, ਸ.ਅਜੀਤ ਸਿੰਘ ੫੦/-, ਸ.ਮਦਨਜੀਤ ਸਿੰਘ ੫੦/-, ਸ.ਜਸਵੰਤ ਸਿੰਘ ੧੦੦/-, ਬੀਬੀ ਹਰਬੰਸ ਕੌਰ ੧੦੦/-, ਸ.ਹਰਜਿੰਦਰ ਸਿੰਘ ੧੦੦/-, ਗੁਪਤ ੨੦੦/-, ਸ.ਗੁਰਮੁਖ ਸਿੰਘ ੧੦੦/-, ਸ.ਇੰਦਰਜੀਤ ਸਿੰਘ ੨੦੦/-, ਅਕਾਲ ਓਪਟੀਕਲਜ਼ ੧੦੦/-, ਨਾਗਪਾਲ ਡਿਪਾਰਟਮੈਂਟ ਸਟੋਰ ੧੦੦-, ਜੀ.ਕੇ.ਸਟੇਸ਼ਨਰੀ ੨੦/-, ਸ.ਤਾਰਾ ਸਿੰਘ ੧੦੦/-, ਸ.ਤਰਲੋਚਨ ਸਿੰਘ ੫੦੦/-, ਬੀਬੀ ਗੁਰਪ੍ਰੀਤ ਕੌਰ ੧੦੦/-, ਬੀਬੀ ਜੋਗਿੰਦਰ ਕੌਰ ੨੦/-, ਸ.ਕਰਮ ਸਿੰਘ ੧੦੦/-, ਬੀਬੀ ਕੈਲਾਸ ਕੌਰ ੧੦੦/-, ਸ.ਬਲਦੇਵ ਸਿੰਘ ੧੦੦/-, ਸ.ਬਲਦੇਵ ਸਿੰਘ ੧੦੦/-, ਸ.ਸੰਤ ਸਿੰਘ ੧੦੦/-, # ੧੦੩੨, ਫੇਜ ੪=੫੦੦/-, ਜੈਮ ਪਬਲਿਕ ਸਕੂਲ ੩੦੦/- ਬੀਬੀ ਸੁਰਜੀਤ ਕੌਰ ੧੦੦/-, ਸ.ਦਾਰਾ ਸਿੰਘ ੫੦੦/-, ਸ.ਹਰਭਜਨ ਸਿੰਘ ੨੦੦/-, ਸ.ਕਰਮ ਸਿੰਘ ੧੦੦/-, ਸ.ਜਤਿੰਦਰ ਸਿੰਘ ੫੦੦/-, ਗੁਪਤ ੧੦੦/-, ਗੁਪਤ ੨੦/-, ਬੀਬੀ ਸੁਰਜੀਤ ਕੌਰ ੧੦੦/-, ਸ.ਹਰਿੰਦਰ ਸਿੰਘ ੧੦੦/-, ਬੀਬੀ ਹਰਦੀਪ ਕੌਰ ੨੦੦/-, ਸ.ਚਰਨ ਸਿੰਘ ੨੦੦/-, ਸ.ਗੁਰਨਾਮ ਸਿੰਘ ੪੦/-, ਸ.ਮੋਹਨ ਸਿੰਘ ੧੦੦/-, ਬੀਬੀ ਕੁਲਦੀਪ ਕੌਰ ੧੦੦/-, ਸ.ਜੋਗਿੰਦਰ ਸਿੰਘ ੧੦੦/-, ਬੀਬੀ ਹਰਸਿਮਰਨ ਕੌਰ ੨੦੦/-, ਸ.ਨਰਿੰਦਰ ਸਿੰਘ ੧੦੦/-, ਸ.ਰਾਜਿੰਦਰ ਸਿੰਘ ੨੦੦/-, ਸ.ਇੰਦਰਜੀਤ ਸਿੰਘ ੫੦੦/-, ਸ.ਪਿਆਰਾ ਸਿੰਘ ੧੦੦/-, ਸ.ਅਮਰੀਕ ਸਿੰਘ ੫੦/-, ਸ.ਅਮਰਜੀਤ ਸਿੰਘ ੧੦੦/-, ਸ.ਰਾਜਵੰਤ ਸਿੰਘ ੨੦੦/-, ਸ.ਅਮਤੇਸਵਰਪਾਲ ਸਿੰਘ ੫੦/-, ਸ.ਗੁਰਨਾਮ ਸਿੰਘ ੨੦/-, ਸ.ਸੁਰਿੰਦਰ ਸਿੰਘ ੫੦/-, ਬੀਬੀ ਇੰਦਰਜੀਤ ਕੌਰ ੨੦੦/-, ਸ੍ਵਰਗਵਾਸੀ ਸੁਰਜੀਤ ਸਿੰਘ ੨੦੦/-, ਸ.ਦਵਿੰਦਰ ਸਿੰਘ ੨੦੦/-, ਸ.ਗੁਰਦੇਵ ਸਿੰਘ ੫੦/-, ਸ.ਰਾਵਿੰਦਰ ਸਿੰਘ ੧੦੦/-, ਬੀਬੀ ਲਖਵਿੰਦਰ ਕੌਰ ੧੦੦/-, ਸ.ਹਰਜੀਤ ਸਿੰਘ ੨੦੦/-, ਸ.ਭੁਪਿੰਦਰ ਸਿੰਘ ੧੦੦/-, ਸ.ਹਰਿੰਦਰ ਸਿੰਘ ੨੦੦/-, ਸ.ਦਵਿੰਦਰ ਸਿੰਘ ੫੦੦/-, ਬੀਬੀ ਗਿਆਨ ਕੌਰ ੨੦੦/-, ਗੁਪਤ ੧੦੦੦/-, ਬੀਬੀ ਤਜਿੰਦਰ ਕੌਰ ੩੦੦/-, ਸ.ਗੁਰਸੰਜਮ ਸਿੰਘ ੧੦੦/-, ਬੀਬੀ ਰਜਮਨਦੀਪ ਕੌਰ ੧੦੦/-, ਬੀਬੀ ਜਗਦੀਸ਼ ਕੌਰ ੨੦੦/-, ਡਾ.ਅਤਰ ਸਿੰਘ ੫੦੦/-, ਗੁਪਤ ੧੦੦/-, ਸ.ਗੁਰਵਿੰਦਰ ਸਿੰਘ ੫੦੦/-, ਸ.ਭੁਪਿੰਦਰ ਸਿੰਘ ੩੦੦/-, ਬੀਬੀ ਪਰਮਜੀਤ ਕੌਰ ੧੦੦/-, ਸ.ਮਸਤ ਸਿੰਘ ੧੦੦/-, ਸ.ਮਨਦੀਪ ਸਿੰਘ ੧੦੦/-, ਸ.ਸੁਖਦੇਵ ਸਿੰਘ ੧੦੦/-, ਸ੍ਰੀ.ਕੇ.ਪੀ.ਸਿੰਘ ੧੦੦/-, ਸ.ਬਲਦੇਵ ਸਿੰਘ ੨੦/-, ਸ.ਰਣਬੀਰ ਸਿੰਘ ੧੦੦/-, ਬੀਬੀ ਸੁਰਿੰਦਰ ਕੌਰ ੨੦੦/-, ਸ.ਗੁਰਦੀਪ ਸਿੰਘ ੫੦/-, ਸ.ਨਿਰਮਲ ਸਿੰਘ ੨੦੦/-, ਗੁਪਤ ੨੦੦/-, ਗੁਪਤ ੧੦੦/-, ਗੁਪਤ ੩੨੧/-, ਸ.ਕਮਲਜੀਤ ਸਿੰਘ ੫੦/-, ਬੀਬੀ ਪਰਮਜੀਤ ਕੌਰ ੧੦੦/-, ਸ.ਚਰਨਜੀਤ ਸਿੰਘ ੨੦੦/-, ਸ.ਜਗਜੀਤ ਸਿੰਘ ੧੦੦/-, ਸ.ਰਣਜੀਤ ਸਿੰਘ ੨੦੦/-, ਸ.ਅਨਮੋਲ ਸਿੰਘ ੨੦੦/-, ਸ.ਹਾਕਮ ਸਿੰਘ ੨੦੦/-, ਗੁਪਤ ੨੦/-, ਬੀਬੀ ਬਲਵਿੰਦਰ ਕੌਰ ੧੦੦/-, ਸ.ਕੁਲਦੀਪ ਸਿੰਘ ੫੦/-, ਸ.ਸੁਰਜੀਤ ਸਿੰਘ, ਸ.ਨਿਰਮਲ ਸਿੰਘ ੧੦੦੦/-, ਸ.ਅੰਮ੍ਰਿਤਪਾਲ ਸਿੰਘ ੫੦੦/-, ਸ.ਗੁਰਮੇਲ ਸਿੰਘ ੧੦੦/-, ਗੁਪਤ ੫੦/-, ਸ.ਗੁਰਚਰਨ ਸਿੰਘ ੫੦/-, ਸ.ਗੁਰਕੀਰਤ ਸਿੰਘ ੧੦੦/-, ਸ.ਮਨਮੋਹਨ ਸਿੰਘ ੫੦/-, ਸ.ਹਰਭਜਨ ਸਿੰਘ ੨੦/-, ਸ.ਬਲਦੇਵ ਸਿੰਘ ੧੦੦/-, ਸ.ਰਣਧੀਰ ਸਿੰਘ ੧੦੦/-, ਸ.ਇੰਦਰਜੀਤ ਸਿੰਘ ੧੦੦/-, ਮਜੈਸਟਿਕ ਪ੍ਰਿੰਟਿੰਗ ਪ੍ਰੈਸ ੧੦੦੦/-, ਸ.ਬਲਵਿੰਦਰ ਸਿੰਘ ੧੦੦/-, ਗੁਪਤ ੫੦/-, ਬੀਬੀ ਕਰਨਜੋਤ ਕੌਰ ੫੦/-, ਸ.ਪ੍ਰਦੁਮਨ ਸਿੰਘ ੧੦੦/-, ਸ.ਦਰਸਨ ਸਿੰਘ ੫੦/-, ਸ.ਪ੍ਰੀਤਮ ਸਿੰਘ ੧੦੦/-, ਸ.ਗੁਰਪ੍ਰੀਤ ਸਿੰਘ ੧੦੦/-, ਸ.ਜਗਜੀਤ ਸਿੰਘ ੧੦੦/-, ਸ.ਅਮਨਜੀਤ ਸਿੰਘ ੧੦੦/-, ਸ.ਜਗਤੇਸ਼ਵਰ ਸਿੰਘ ੫੦੦/-, ਸ.ਹਰਦੀਪ ਸਿੰਘ ਰਾਹੀਂ : ਬੀਬੀ ਗੁਰਦੀਪ ਕੌਰ ੨੦੦/-, ਬੀਬੀ ਮਨਜੀਤ ਸਿੰਘ ੨੦੦/-, ਸ.ਸੁਰਜੀਤ ਸਿੰਘ ੫੦/-, ਸ੍ਰੀ.ਵਾਈ.ਪੀ.ਐਸ. ਆਹਲੂਵਾਲੀਆ ੨੦੦-, ਬੀਬੀ ਅਨੁਦੀਪ ਕੌਰ ੧੦੦੦/-, ਬੀਬੀ ਮਨਪ੍ਰੀਤ ਕੌਰ ੧੦੦/-, ਸ.ਨਗੀਨਾ ਸਿੰਘ ੧੦੦/-, ਸ.ਮੋਹਨ ਸਿੰਘ ੧੦੦/-, ਸ.ਅਲਬੇਲ ਸਿੰਘ ੧੦੦/-, ਸੇਠੀ ਪਰਿਵਾਰ ੧੦੦/-, ਬੀਬੀ ਮਨਜੀਤ ਕੌਰ ੫੦/-, ਸ.ਸੁਖਵਿੰਦਰ ਸਿੰਘ ੧੦੦/-, ਸ.ਸਤਬੀਰ ਸਿੰਘ ੫੦੦/-, ਸ.ਮਨਰਾਜ ਸਿੰਘ ੨੦/-, ਸ.ਗੁਰਦਿਆਲ ਸਿੰਘ ੫੦/-, ਸ੍ਰੀ.ਜੀ.ਐਸ.ਓਬਰਾਏ ੫੦/-, ਸ.ਪ੍ਰਿਤਪਾਲ ਸਿੰਘ ੨੦੦/-, ਸ.ਦਰਸ਼ਨ ਸਿੰਘ ੧੦੦/-, ਸ.ਹਰਭਜਨ ਸਿੰਘ ੧੦੦੦/-, ਬੀਬੀ ਸਿੰਦਰਪਾਲ ਕੌਰ ੨੦੦/-, ਸਡਾਣਾ ਜਨਰਲ ਸਟੋਰ ੫੦੦/-, ਸ.ਹਰਬੰਸ ਸਿੰਘ ੫੦੦/-, ਸ.ਮਨਿੰਦਰ ਸਿੰਘ ਰਾਹੀਂ : ਸ.ਮਲਕੀਤ ਸਿੰਘ ੧੦੦/-, ਗੁਪਤ ੫੦/-, ਸ.ਕਰਨੈਲ ਸਿੰਘ ੧੦੦/-, ਸ.ਗੁਰਬਖਸ ਸਿੰਘ ੫੦੦/-, ਬੀਬੀ ਰਵਿੰਦਰ ਕੌਰ ੫੦੦/-, ਸ.ਜਸਵੰਤ ਸਿੰਘ ੫੦੦/-, ਸ.ਹੰਸਰਾਜ ਸਿੰਘ ੧੦੦/-, ਬੀਬੀ ਦਰਸ਼ਨ ਕੌਰ ੫੦੦/-, ਸ.ਬਲਵੰਤ ਸਿੰਘ ੫੦੦/-, ਬੀਬੀ ਇਕਬਾਲ ਕੌਰ ੨੦੧/-, ਬੀਬੀ ਰਵਿੰਦਰ ਕੌਰ ੧੦੦੦/-,

# ਖਬਰਾਬਲੀ :

## ਸਾਕਾ ਨੀਲਾ ਤਾਰਾ 'ਚ ਬਰਤਾਨੀਆ ਸਰਕਾਰ ਦੀ ਭੂਮਿਕਾ ਦੀ ਲੇਬਰ ਸਰਕਾਰ ਬਣਨ 'ਤੇ ਜਾਂਚ ਹੋਵੇਗੀ।

ਲੰਡਨ, ੫ ਜੂਨ : ਸਲੋਹ ਹਲਕੇ ਦੇ ਲੇਬਰ ਪਾਰਟੀ ਦੇ ਉਮੀਦਵਾਰ ਅਤੇ ਦੋ ਵਾਰ ਸੰਸਦੀ ਚੋਣਾਂ ਜਿੱਤਣ ਵਾਲੇ ਪਹਿਲੇ ਦਸਤਾਰਧਾਰੀ ਐਮ.ਪੀ. ਤਨਮਨਜੀਤ ਸਿੰਘ ਢੇਸੀ ਨੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਲੋਹ ਵਿਖੇ ਜੂਨ ੧੯੮੪ ਦੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਸਾਕਾ ਨੀਲਾ ਤਾਰਾ ਵਿੱਚ ਬਰਤਾਨੀਆ ਦੀ ਉਸ ਸਮੇਂ ਦੀ ਸਰਕਾਰ ਦੀ ਭੂਮਿਕਾ ਨੂੰ ਲੈ ਕੇ ਸੁਤੰਤਰ ਜਾਂਚ ਕਰਵਾਉਣ ਲਈ ਲੇਬਰ ਪਾਰਟੀ ਵਚਨਬੱਧ ਹੈ।

## ਲਾਹੌਰ 'ਚ ੧੬ ਨੂੰ ਮਨਾਇਆ ਜਾਵੇਗਾ ਸ਼ਹੀਦੀ ਪੁਰਬ

### * ੯੬੨ ਭਾਰਤੀ ਸਿੱਖਾਂ ਲਈ ਜਾਰੀ ਕੀਤੇ ਗਏ ਵੀਜ਼ੇ

### * ੧੪ ਨੂੰ ਹੋਵੇਗੀ ਸ੍ਰੀ ਆਖੰਡ ਪਾਠ ਸਾਹਿਬ ਦੀ ਆਰੰਭਤਾ

ਅੰਮ੍ਰਿਤਸਰ, ੬ ਜੂਨ : ਨਾਨਕਸ਼ਾਹੀ ਕੈਲੰਡਰ ਮੁਤਾਬਕ ੧੬ ਜੂਨ ਨੂੰ ਲਾਹੌਰ ਦੇ ਗੁਰਦੁਆਰਾ ਡੇਹਰਾ ਸਾਹਿਬ ਵਿਖੇ ਪੰਜਵੇਂ ਪਾਤਸ਼ਾਹ ਤੇ ਸ਼ਹੀਦੀ ਪਰੰਪਰਾ ਦੇ ਬਾਨੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਮਨਾਇਆ ਜਾਵੇਗਾ। ਸ਼ਹੀਦੀ ਗੁਰਪੁਰਬ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਦੀ ਅਰੰਭਤਾ ੧੪ ਜੂਨ ਨੂੰ ਹੋਵੇਗੀ। ਪਾਕਿਸਤਾਨ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ ਦੇ ਵਧੀਕ ਸਕੱਤਰ (ਸ਼ਰਾਈਨਜ਼) ਸੈਫੁੱਲਾ ਖੋਖਰ ਨੇ 'ਅਜੀਤ' ਨਾਲ ਇਹ ਜਾਣਕਾਰੀ ਸਾਂਝੀ ਕੀਤੀ। ਖੋਖਰ ਨੇ ਦੱਸਿਆ ਕਿ ਸ਼ਹੀਦੀ ਪੁਰਬ ਮੌਕੇ ਪਾਕਿ ਆਉਣ ਵਾਲੇ ੯੬੨ ਭਾਰਤੀ ਸਿੱਖ ਸ਼ਰਧਾਲੂਆਂ ਨੂੰ ੧੦ ਦਿਨਾਂ ਦਾ ਵੀਜ਼ਾ ਜਾਰੀ ਕੀਤਾ ਗਿਆ ਹੈ। ੮ ਜੂਨ ਨੂੰ ਅਟਾਰੀ ਵਾਹਗਾ ਸਰਹੱਦ ਰਾਹੀਂ ਪਾਕਿ ਪਹੁੰਚਣ ਤੇ ਉੱਥੋਂ ਜਥੇ ਨੂੰ ਭਾਰੀ ਸੁਰੱਖਿਆ ਤੇ ਵਿਸ਼ੇਸ਼ ਬੱਸਾਂ ਰਾਹੀਂ ਸਿੱਧਾ ਹਸਨ ਅਬਦਾਲ ਲਈ ਰਵਾਨਾ ਕੀਤਾ ਜਾਵੇਗਾ। ('ਰੋਜਾਨਾ ਅਜੀਤ' ਵਿਚੋਂ ਧੰਨਵਾਦ ਸਹਿਤ)

**ਰਹਿਦੇ ਗੁਰੁ ਦਰੀਆਉ ਵਿਚਿ ਮੀਨ ਕੁਲੀਨ ਹੇਤੁ ਨਿਰਬਾਣੀ। ਦਰਸਨੁ ਦੇਖਿ ਪਤੰਗ ਜਿਉ ਜੋਤੀ ਅੰਦਰਿ ਜੋਤਿ ਸਮਾਣੀ । ਸਬਦੁ ਸੁਰਤਿ ਲਿਵ ਮਿਰਗ ਜਿਉ ਭੀੜ ਪਈ ਚਿਤਿ ਅਵਰੁ ਨ ਆਣੀ। ਚਰਣ ਕਵਲ ਮਿਲਿ ਭਵਰ ਜਿਉ ਸੁਖ ਸੰਪਟ ਵਿਚਿ ਰੈਣਿ ਵਿਹਾਣੀ। ਗੁਰੁ ਉਪਦੇਸੁ ਨ ਵਿਸਰੈ ਬਾਬੀਹੇ ਜਿਉ ਆਖ ਵਖਾਣੀ । ਗੁਰਮੁਖਿ ਸੁਖਫਲੁ ਪਿਰਮ ਰਸੁ ਸਹਜ ਸਮਾਧਿ ਸਾਧ ਸੰਗਿ ਜਾਣੀ । ਗੁਰ ਅਰਜਨੁ ਵਿਟਹੁ ਕੁਰਬਾਣੀ ।** (ਭਾਈ ਗੁਰਦਾਸ ਜੀ, ਵਾਰ ੨੪, ਪਉੜੀ ੨੩)

Date of Publication :1st & 2nd of every Month. Posted Through MB
P.O. Regn. G/CHD/0090/2024-2026
Regd. Newspaper R.N.I. PUNPUN/ 2000/3037
'ਗੁਰਬਾਣੀ ਚਾਨਣੁ' (ਮਾਸਿਕ ਪੱਤ੍ਰਿਕਾ)
If Undelivered Return to: Bhawan No. 6, Phase-3-A (Sec-53)
S.A.S. Nagar, MOHALI (Chandigarh) - 160059 (INDIA)

# ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪

(ਅੰਗ-੧੧੦੮)

## ਮਹੀਨਾ ਸਾਵਣਿ

**ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ ॥ ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ ॥ ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ ॥ ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ ॥ ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ ॥ ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ ॥ ਜਿਨੀ ਸਖੀਏ ਪ੍ਰਭੁ ਪਾਇਆ ਹੰਉ ਤਿਨ ਕੈ ਸਦ ਬਲਿਹਾਰ ॥ ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰੁ ॥ ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ ॥੬॥**

ਮਹੀਨਾ ਸਾਵਣ, ਬਰਸਾਤ ਦੇ ਦਿਨ ਹੁੰਦੇ ਹਨ। ਜੀਵ ਇਸਤਰੀ ਪਿਆਰ ਨਾਲ ਪ੍ਰਭੂ ਦੇ ਚਰਨਾਂ ਨਾਲ ਅਪਣੇ ਮਨ ਨੂੰ ਜੋੜਦੀ ਹੈ ਅਤੇ ਹਰੀ ਭਰੀ (ਅਨੰਦਿਤ) ਰਹਿੰਦੀ ਹੈ। ਉਸ ਦਾ ਮਨ ਅਤੇ ਤਨ ਦੋਵੇਂ ਹੀ ਕੇਵਲ ਤੇ ਕੇਵਲ ਇਕ ਵਾਹਿਗੁਰੂ ਦੇ ਪਿਆਰੇ ਵਿੱਚ ਰੰਗੇ ਹੋਏ ਹਨ ਅਤੇ ਉਸ ਦੇ ਜੀਵਨ ਦਾ ਆਧਾਰ ਹੀ ਇਕ ਵਾਹਿਗੁਰੂ ਦਾ ਨਾਮ ਹੈ । ਹੋਰ ਮਾਇਆ ਦੇ ਰੰਗ ਉਸ ਲਈ ਕੂੜ੍ਹੇ ਹਨ ਅਤੇ ਸੁਆਹ ਦੀ ਨਿਆਈ ਨਜ਼ਰ ਆਉਂਦੇ ਹਨ।

ਜੀਵ ਇਸਤਰੀ ਤਾਂ ਅੰਮ੍ਰਿਤ ਨਾਮ ਦੀਆਂ ਸੁਹਾਵਣੀਆਂ ਬੂੰਦਾ ਸਾਧੂਆਂ ਦੇ ਨਾਲ ਮਿਲ ਕੇ ਸਤਸੰਗਤ ਵਿੱਚ ਪੀਂਦੀ ਹੈ ਜਾਂ ਕਹੋ ਗੁਰੂ ਦੇ ਚਰਨਾਂ ਵਿੱਚ ਨਿਵਾਸ ਰਖਕੇ ਸਤਿਸੰਗੀ ਜਨ ਅੰਮ੍ਰਿਤ ਦੇ ਪਿਆਲੇ ਛਕਦੇ ਹਨ। ਬਰਸਾਤ ਦੇ ਦਿਨਾਂ ਵਿੱਚ ਜਿਵੇਂ ਜੰਗਲ ਬੇਲਿਆਂ ਦੇ ਘਾਹ ਤੀਲੇ ਹਰੇ ਭਰੇ ਹੋ ਜਾਂਦੇ ਹਨ, ਖੇੜੇ ਵਿੱਚ ਆਉਂਦੇ ਹਨ, ਇਸੇ ਤਰਾਂ ਜਗਿਆਸੂ ਅਪਰ-ਅਪਾਰ ਦੇ ਪਿਆਰ ਵਿੱਚ ਰੰਗਿਆ ਜਾਂਦਾ ਹੈ ਅਤੇ ਉਸਦਾ ਮਨ ਖਿੜਾਓ ਵਿੱਚ ਰਹਿੰਦਾ ਹੈ।

ਹਰੀ ਦੇ ਮਿਲਣ ਨੂੰ ਮਨ ਲੋਚਦਾ ਰਹਿੰਦਾ ਹੈ ਪਰ ਇਹ ਮਿਲਾਪ ਪ੍ਰਭੂ ਦੀ ਬਖਸ਼ਿਸ਼ ਨਾਲ ਹੁੰਦਾ ਹੈ। ਗੁਰੂ ਸਾਹਿਬ ਫਰਮਾਉਂਦੇ ਹਨ ਕਿ ਜਿਨ੍ਹਾਂ ਸਤਿ ਸੰਗੀਆ ਨੇ ਪ੍ਰਭੂ ਨੂੰ ਪਾ ਲਿਆ ਹੈ, ਮੈਂ ਸਦਾ ਸਦਾ ਉਨ੍ਹਾਂ ਤੋਂ ਬਲਿਹਾਰ ਜਾਂਦਾ ਹਾਂ।

ਹੇ ਹਰੀ ਜੀ ! ਮੇਰੇ ਤੇ ਦਇਆ ਕਰੋ ਅਤੇ ਮੇਰੇ ਹਿਰਦੇ ਵਿੱਚ ਵਾਹਿਗੁਰੂ-ਸ਼ਬਦ ਦਾ ਵਾਸਾ ਕਰੋ ਜੀ। ਇਸ ਤਰਾਂ ਸਾਵਣ ਦੇ ਮਹੀਨੇ ਵਿੱਚ ਉਸ ਜੀਵ ਨੂੰ ਸੁਹਾਗਣੀ ਕਹਿਲਾਉਣ ਦਾ ਹੱਕਦਾਰ ਹੈ, ਜਿਸ ਦੇ ਹਿਰਦੇ ਵਿੱਚ ਰਾਮ ਨਾਮ ਦਾ ਵਾਸਾ ਹੋ ਗਿਆ ਹੈ।